# ਕਿਸੇ ਦੇ *ਉੱਤੇ* ਪਵਿੱਤਰ ਆਤਮਾ ਦਾ ਆਉਣਾ ਸੇਵਾ ਵਾਸਤੇ *ਮਸਹ ਅਤੇ* ਸ਼ਕਤੀ ਹੈ

ਫ਼੍ਰੈਂਕਲਿਨ ਦੇ ਸਿੱਖਿਆ ਦੇ ਨੋਟਸ

ਸੇਵਾ ਲਈ ਮਸਹ ਕੀਤੇ ਗਏ: ਕੂਚ 30:22-33; 31:3 ਲੇਵੀਆਂ 8:10-12, 30

ਅਸੀਂ ਸਾਰੇ ਪ੍ਰਭੂ ਦੇ ਸੇਵਕ ਹਾਂ: 1 ਪਤਰਸ 2:9; 2 ਕੁਰਿੰਥੀਆਂ 5:18

ਉੱਤੇ ਅਤੇ ਨਬੂਵਤ ਕੀਤੀ:

1. ਗਿਣਤੀ 11:17, 25-29 ਅਲਦਾਦ ਤੇ ਮੇਦਾਦ "ਪਰਮੇਸ਼ਰ ਦੇ ਲਈ . . ."
2. ਬਿਵਸਥਾ ਸਾਰ 34:9 ਯਹੋਸ਼ੁਆ...ਭਰਪੂਰ ਸੀ
3. ਨਿਆਈਆਂ 3:10 ਆਥਨੀਏਲ
4. ਨਿਆਈਆਂ 6:34 ਗਿਦਾਊਨ
5. ਨਿਆਈਆਂ 14:6; 15:14 ਸਮਸੂਨ
6. 1 ਸਮੂਏਲ 10:1, 6-12 ਸ਼ਾਊਲ
7. 1 ਸਮੂਏਲ 16:13; 19:20-23 ਦਾਊਦ

ਭਰ ਗਏ ਅਤੇ ਨਬੂਵਤ ਕੀਤੀ:

1. ਲੂਕਾ 1:15, 17 ਯੂਹੰਨਾ ਬਪਤਿਸਮਾ ਦੇਣ ਵਾਲਾ "ਭਰ ਜਾਵੇਗਾ"
2. ਲੂਕਾ 1:35 ਮਰਿਯਮ "ਉੱਤੇ"
3. ਲੂਕਾ 1:41-42 ਇਲੀਸਬਤ "ਭਰ ਗਈ"
4. ਲੂਕਾ 1:67 ਜ਼ਕਰਯਾਹ "ਭਰ ਗਿਆ ਅਤੇ ਅਗੰਮ ਵਾਕ ਕਰਕੇ ਕਹਿਣ ਲੱਗਾ"

ਬਪਤਿਸਮਾ ਦੇਣ ਵਾਲੇ ਯੂਹੰਨਾ ਦਾ ਵਾਕ ਲੂਕਾ 3:16

ਪਵਿੱਤਰ ਆਤਮਾ ਦੇ ਨਾਲ ਯਿਸੂ ਦਾ ਤਜਰਬਾ ਲੂਕਾ 3:21-22; 4:1, 14, 18

ਪਵਿੱਤਰ ਆਤਮਾ ਬਾਰੇ ਯਿਸੂ ਦੀ ਸਿੱਖਿਆ ਯੂਹੰਨਾ 7:37-39; 14:12-18

ਸਲੀਬ ਦੇ ਬਾਅਦ ਪਵਿੱਤਰ ਆਤਮਾ ਅੰਦਰ ਦਾ ਅੰਦਰ ਆਉਣਾ / ਨਵਾਂ ਜਨਮ

ਯੂਹੰਨਾ 20:22; ਲੂਕਾ 24:45

ਉੱਤੇ ਪਵਿੱਤਰ ਆਤਮਾ ਲੂਕਾ 24:49-51 ਅਤੇ ਰਸੂਲਾਂ 1:1-9; 2:1-4

ਨਤੀਜੇ ਅਤੇ ਵਿਆਖਿਆ ਰਸੂਲਾਂ 2:14-18, 33, 38-39 / 4:8,31,33 / 6:3, 5, 8

ਦੂਜਿਆਂ ਉੱਤੇ ਪਵਿੱਤਰ ਆਤਮਾ ਉੱਤਰਿਆ ਰਸੂਲਾਂ 8:5-18 / 9:17 / 10:44 / 19:1-6

ਪਵਿੱਤਰ ਆਤਮਾ ਪ੍ਰਾਪਤ ਕਰਨਾ ਰਸੂਲਾਂ 2:38-39; ਲੂਕਾ 11:11-13; ਅਫ਼ਸੀਆਂ 5:18

# ਪਵਿੱਤਰ ਆਤਮਾ - ਉਸ ਦੀ ਸੇਵਾ ਅਤੇ ਮਸਹ

ਫ੍ਰੈਂਕਲਿਨ ਦੇ ਨੋਟਸ

ਉਤਪਤ 1:2 ਧਰਤੀ ਬੇਡੌਲ ਤੇ ਸੁੰਵੀ ਸੀ ਅਤੇ ਡੂੰਘਿਆਈ ਉੱਤੇ ਅਨ੍ਹੇਰਾ ਸੀ ਅਤੇ **ਪਰਮੇਸ਼ਰ ਦਾ ਆਤਮਾ ਪਾਣੀਆਂ ਦੇ ਉੱਤੇ ਸੇਉਂਦਾ ਸੀ**।

- "ਸੇਉਂਦਾ" – ਸਹਿਜੇ-ਸਹਿਜੇ ਉੱਡਣਾ, ਜਿਵੇਂ ਕਿ ਉਕਾਬ ਆਪਣੇ ਬੱਚਿਆਂ ਉੱਤੇ ਉੱਡਦਾ ਹੈ (ਬਿਵਸਥਾ ਸਾਰ 32:11)।
- ਅਰੰਭ ਤੋਂ ਹੀ ਪਰਮੇਸ਼ਰ ਦਾ ਆਤਮਾ **ਬਦਲਾਓ** ਲਿਆਉਣ ਲਈ ਸੇਉਂਦਾ ਸੀ।
- ਬੇਡੌਲਤਾ ਵਿੱਚੋਂ **ਅਕਾਰ** ਅਤੇ **ਸੁੰਦਰਤਾ** ਲਿਆਉਣ ਲਈ ਸੇਉਂਦਾ ਸੀ।
- ਖਾਲੀਪਣ ਵਿੱਚੋਂ **ਉਦੇਸ਼** ਅਤੇ **ਮੁੱਲ** ਲਿਆਉਣ ਲਈ, ਖਾਲੀਪਣ ਨੂੰ ਆਪਣੇ **ਆਤਮਾ** ਨਾਲ ਭਰਨ ਲਈ ਸੇਉਂਦਾ ਸੀ।
- ਅਨ੍ਹੇਰੇ ਵਿੱਚੋਂ **ਚਾਨਣ, ਸਚਿਆਈ ਅਤੇ ਧਾਰਮਿਕਤਾ** ਲਿਆਉਣ ਲਈ ਸੇਉਂਦਾ ਸੀ।
- ਪਰਮੇਸ਼ਰ ਦੀ ਸਰਿਸ਼ਟ ਵਿੱਚ, ਤੁਹਾਡੇ ਜੀਵਨ ਵਿੱਚ ਉਸ ਦੇ ਉਦੇਸ਼ ਪੂਰੇ ਕਰਨ ਲਈ ਲਿਆਉਣ ਲਈ ਸੇਉਂਦਾ ਸੀ।

ਅਤੇ ਅੱਜ ਇਹ ਉਸ ਦੀ ਸੇਵਾ ਹੈ ਅਤੇ ਉੱਥੇ ਹੁੰਦੀ ਹੈ ਜਿੱਥੇ ਉਹ ਸੇਉਂਦਾ ਹੈ ਅਰਥਾਤ ਪ੍ਰਭੂ ਦੇ ਉਦੇਸ਼ ਨੂੰ ਪੂਰਾ ਕਰਨ ਲਈ **ਉੱਤੇ** ਆਉਂਦਾ ਹੈ। ਸਾਡੇ ਜੀਵਨਾਂ ਵਿੱਚ ਉਹ ਇਹੋ ਕਰ ਰਿਹਾ ਹੈ।

1 ਕੁਰਿੰਥੀਆਂ 10:11 ਸੋ ਏਹ ਗੱਲਾਂ ਓਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ ਅਤੇ **ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ** ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।

## ਤੁਹਾਡੇ ***ਉੱਤੇ*** ਪਵਿੱਤਰ ਆਤਮਾ ਸੇਵਾ ਲਈ ਮਸਹ ਹੈ।

ਕਿਸੇ ਵਿਅਕਤੀ ਦੇ "**ਅੰਦਰ**" ਅਤੇ ਕਿਸੇ ਵਿਅਕਤੀ "**ਉੱਤੇ**" ਪਵਿੱਤਰ ਆਤਮਾ ਹੋਣ ਦੇ ਅੰਤਰ ਨੂੰ ਸਾਫ਼-ਸਾਫ਼ ਸਮਝਣਾ ਜਰੂਰੀ ਹੈ।

- **ਸੇਵਾ ਲਈ "ਵੱਖਰੇ ਹੋਣ" ਵਾਸਤੇ ਮਸਹ ਕੀਤੇ ਗਏ**

**ਕੂਚ 30:22-31** ਫੇਰ ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ ਕਿ (23) ਤੂੰ ਵਧੀਆ ਮਸਾਲਾ ਲਵੀਂ ... (25) ਅਤੇ ਤੂੰ ਉਹ ਨੂੰ **ਮਲਣ ਦਾ ਪਵਿੱਤਰ ਤੇਲ** ਗਾਂਧੀ ਦੀ ਕਾਰੀਗਰੀ ਦਾ ਮਿਲੀਆਂ ਹੋਈਆਂ ਸੁਗੰਧਾਂ ਨਾਲ ਬਣਾਈਂ। ਉਹ ਇੱਕ **ਮਲਣ ਦਾ** ਪਵਿੱਤਰ ਤੇਲ ਹੋਵੇ। 26 ਤੂੰ ਉਸ ਨਾਲ ਮੰਡਲੀ ਦੇ ਤੰਬੂ ਨੂੰ ਅਤੇ ਸਾਖੀ ਦੇ ਸੰਦੂਕ ਨੂੰ ਮਲੀਂ। (27) ਨਾਲੇ ਮੇਜ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਸ਼ਮਾਦਾਨ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਧੂਪ ਦੀ ਜਗਵੇਦੀ ਨੂੰ। (28) ਅਤੇ ਹੋਮ ਦੀ ਬਲੀ ਦੀ ਜਗਵੇਦੀ ਨੂੰ ਅਤੇ ਉਸ ਦੇ ਸਾਰੇ ਸਮਾਨ ਨੂੰ ਅਤੇ ਹੌਦ ਅਰ ਉਸ ਦੀ ਚੌਕੀ ਨੂੰ। (29) ਤੂੰ ਉਨ੍ਹਾਂ ਨੂੰ **ਪਵਿੱਤਰ ਕਰੀਂ** (ਜਾਂ ਸ਼ੁੱਧ ਕਰੀਂ: ਪਵਿੱਤਰ ਇਸਤੇਮਾਲ ਲਈ ਵੱਖਰਾ ਕਰੀਂ। 6942), ਕਿ ਓਹ ਅੱਤ **ਪਵਿੱਤਰ** (6942) ਹੋਣ ਅਤੇ ਜੋ ਕੁਝ ਉਨ੍ਹਾਂ ਨੂੰ ਲੱਗੇ ਪਵਿੱਤਰ ਹੋਵੇਗਾ। (30) ਤਾਂ ਤੂੰ **ਹਾਰੂਨ ਅਰ ਉਸ ਦੇ ਪੁੱਤਰਾਂ ਨੂੰ ਮਸਹ ਕਰ ਕੇ ਪਵਿੱਤਰ ਕਰੀਂ** (6942) **ਤਾਂ ਜੋ ਓਹ ਮੇਰੀ ਜਾਜਕਾਈ ਦੀ ਉਪਾਸਨਾ ਕਰਨ।** (31) ਅਤੇ ਤੂੰ ਇਸਰਾਏਲੀਆਂ ਨੂੰ ਬੋਲੀਂ ਭਈ ਏਹ ਮਲਣ ਦਾ ਪਵਿੱਤਰ ਤੇਲ ਮੇਰੇ ਲਈ ਤੁਹਾਡੀਆਂ ਪੀੜ੍ਹੀਆਂ ਤੀਕ ਹੋਵੇ।

- ਇਹ ਪਵਿੱਤਰ ਆਤਮਾ ਦਾ ਉਨ੍ਹਾਂ **ਉੱਤੇ** ਉੱਤਰਨ ਦੀ ਸਿੱਖਿਆ ਦਾ ਇੱਕ ਰੂਪਕ ਹੈ, ਜਿਨ੍ਹਾਂ ਨੇ ਪ੍ਰਭੂ ਦੀ ਅਰਾਧਨਾ ਅਤੇ ਸੇਵਾ ਕਰਨੀ ਸੀ, ਜਿਨ੍ਹਾਂ ਨੂੰ ਅਜਿਹਾ ਕਰਨ ਦਾ ਉਸ ਤੋਂ ਇਖਤਿਆਰ ਮਿਲਣਾ ਸੀ।

- ਪ੍ਰਭੂ ਨੇ ਉਨ੍ਹਾਂ ਨੂੰ ਚੁਣਿਆ ਜਿਨ੍ਹਾਂ ਨੇ ਉਸ ਦੇ ਜਾਜਕ ਹੋਣਾ ਸੀ। ਉਨ੍ਹਾਂ ਨੂੰ ਪਵਿੱਤਰ ਕੀਤੇ ਜਾਣ ਲਈ ਕੁਰਬਾਨੀ ਦੇ ਲਹੂ ਦੀ ਅਤੇ ਮਸਹ ਦੇ ਲਹੂ ਨੂੰ ਉਨ੍ਹਾਂ ਦੇ ਸਿਰ **ਉੱਤੇ** ਉਂਡੇਲੇ ਜਾਣ ਦੀ ਲੋੜ ਸੀ (ਕੂਚ 29:7, 21)।

  ਫੇਰ ਤੂੰ ਮਸਹ ਕਰਨ ਦਾ ਤੇਲ ਲੈਕੇ ਉਸ ਦੇ ਸੀਸ **ਉੱਤੇ** ਚੋਵੀਂ ਅਤੇ ਐਉਂ ਤੂੰ ਉਹ ਨੂੰ ਮਸਹ ਕਰੀਂ।

- ਨਵੇਂ ਨੇਮ ਦੇ ਸਾਰੇ ਵਿਸ਼ਵਾਸੀ ਸੇਵਕ ਹਨ: 2 ਕੁਰਿੰਥੀਆਂ 5:18; 1 ਪਤਰਸ 2:9

### ❖ ਉੱਤੇ ਅਤੇ ਨਬੂਵਤ ਕੀਤੀ

**ਗਿਣਤੀ 11:16-28** ਮੂਸਾ ਨੂੰ ਲੋਕਾਂ ਦੀ ਪਾਸਬਾਨੀ ਕਰਨ ਦੇ ਕੰਮ ਵਿੱਚ ਮਦਦ ਦੀ ਲੋੜ ਸੀ।

ਯਹੋਵਾਹ ਨੇ ਮੂਸਾ ਨੂੰ ਆਖਿਆ, ਮੇਰੇ ਲਈ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਸੱਤ੍ਰ ਮਨੁੱਖ ਇਕੱਠੇ ਕਰ ਜਿਨ੍ਹਾਂ ਨੂੰ ਤੂੰ ਜਾਣਦਾ ਹੈਂ ਕਿ ਓਹ ਪਰਜਾ ਦੇ ਬਜ਼ੁਰਗ ਅਤੇ ਹੁੱਦੇਦਾਰ ਹਨ। ਫੇਰ ਉਨ੍ਹਾਂ ਨੂੰ ਮੰਡਲੀ ਦੇ ਤੰਬੂ ਕੋਲ ਲਿਆ ਕਿ ਓਹ ਉੱਥੇ ਤੇਰੇ ਨਾਲ ਖਲੋ ਜਾਣ। (17) ਅਤੇ ਮੈਂ ਉੱਤਰ ਕੇ ਉੱਥੇ ਤੇਰੇ ਨਾਲ ਗੱਲ ਕਰਾਂਗਾ ਅਤੇ **ਮੈਂ ਉਸ ਆਤਮਾ ਤੋਂ ਲੈ ਕੇ ਜਿਹੜਾ ਤੇਰੇ ਉੱਤੇ ਹੈ ਉਨ੍ਹਾਂ ਉੱਤੇ ਪਾਵਾਂਗਾ** ਅਤੇ ਓਹ ਤੇਰੇ ਨਾਲ ਪਰਜਾ ਦਾ ਭਾਰ ਚੁੱਕਣਗੇ ਤਾਂ ਜੋ ਤੈਨੂੰ ਇਕੱਲੇ ਨੂੰ ਚੱਕਣਾ ਨਾ ਪਵੇ। (24) ਫੇਰ ਮੂਸਾ ਨੇ ... ਸੱਤ੍ਰ ਮਨੁੱਖ ਜਿਹੜੇ ਪਰਜਾ ਦੇ ਬਜ਼ੁਰਗ ਸਨ ਇਕੱਠੇ ਕੀਤੇ ਅਤੇ ਓਹਨਾਂ ਨੂੰ ਤੰਬੂ ਦੇ ਆਲੇ ਦੁਆਲੇ ਖੜਾ ਕੀਤਾ। (25) ਤਾਂ ਯਹੋਵਾਹ ਬੱਦਲ ਵਿੱਚੋਂ ਉੱਤਰਿਆ ਅਤੇ ਉਹ ਦੇ ਨਾਲ ਗੱਲ ਕੀਤੀ। ਫੇਰ ਉਸ ਨੇ ਉਸ **ਆਤਮਾ** ਤੋਂ ਲੈਕੇ ਜਿਹੜਾ ਉਹ ਦੇ **ਉੱਤੇ** ਸੀ ਓਹਨਾਂ ਸੱਤ੍ਰ ਬਜ਼ੁਰਗ ਮਨੁੱਖਾਂ **ਉੱਤੇ** ਪਾ ਦਿੱਤਾ ਅਤੇ ਐਉਂ ਹੋਇਆ ਕਿ ਜਦ ਆਤਮਾ ਓਹਨਾਂ **ਉੱਤੇ** ਉਤਰਿਆ ਤਾਂ ਓਹ **ਅਗੰਮ ਵਾਚਣ ਲੱਗੇ** ਪਏ ਪਰ ਓਹਨਾਂ ਨੇ ਏਸ ਦੇ ਮਗਰੋਂ ਫੇਰ ਨਾ ਕੀਤਾ। (26) ਪਰ ਡੇਰੇ ਵਿੱਚ ਦੋ ਮਨੁੱਖ ਰਹਿ ਗਏ, ਇੱਕ ਦਾ ਨਾਉਂ ਅਲਦਾਦ ਅਤੇ ਦੂਜੇ ਦਾ ਨਾਉਂ ਮੇਦਾਦ ਸੀ। **ਆਤਮਾ** ਉਨ੍ਹਾਂ **ਉੱਤੇ** ਵੀ **ਉੱਤਰਿਆ** ਅਤੇ ਏਹ ਲਿਖਿਆਂ ਹੋਇਆਂ ਦੇ ਵਿੱਚ ਦੇ ਸਨ ਪਰ ਤੰਬੂ ਕੋਲ ਬਾਹਰ ਨਹੀਂ ਸੀ ਗਏ। **ਓਹ** ਡੇਰੇ ਵਿੱਚ ਹੀ **ਅਗੰਮ ਵਾਚਣ ਲੱਗੇ**। (27) ਤਾਂ ਇੱਕ ਗਭਰੂ ਨੇ ਨੱਸ ਕੇ ਮੂਸਾ ਨੂੰ ਦੱਸਿਆ ਅਤੇ ਆਖਿਆ ਅਲਦਾਦ ਤੇ ਮੇਦਾਦ ਡੇਰੇ ਵਿੱਚ ਹੀ ਅਗੰਮ ਵਾਚਦੇ ਹਨ! (28) ਤਾਂ ਨੂਨ ਦੇ ਪੁੱਤਰ ਯਹੋਸ਼ੁਆ ਨੇ ਜਿਹੜਾ ਮੂਸਾ ਦਾ ਸੇਵਕ ਅਤੇ ਉਸ ਦੇ ਚੋਣਵਿਆਂ ਵਿੱਚੋਂ ਸੀ ਉੱਤਰ ਦਿੱਤਾ ਕਿ ਹੇ ਮੂਸਾ ਮੇਰੇ ਸੁਆਮੀ ਜੀ, ਉਨ੍ਹਾਂ ਨੂੰ ਵਰਜ ਦਿਓ!

ਸੇਵਕਾਈ ਲਈ ਬੰਦਸ਼ ਅਤੇ ਈਰਖਾ ਦੀ ਧਾਰਮਿਕ ਆਤਮਾ, ਤਾਂ ਜੋ ਇਸ ਨੂੰ ਅਰਾਧਨਾ ਦੇ ਸਥਾਨ ਤੱਕ ਸੀਮਿਤ ਅਤੇ ਬੰਦ ਰੱਖਿਆ ਜਾ ਸਕੇ।

(29) ਪਰ ਮੂਸਾ ਨੇ ਉਹ ਨੂੰ ਆਖਿਆ, ਕੀ ਤੂੰ ਮੇਰੇ ਲਈ ਖਿਝਦਾ ਹੈਂ? ਕਾਸ਼ ਕਿ **ਯਹੋਵਾਹ ਦੇ ਸਾਰੇ ਲੋਕ ਨਬੀ ਹੁੰਦੇ** ਅਤੇ ਯਹੋਵਾਹ ਆਪਣਾ ਆਤਮਾ ਉਨ੍ਹਾਂ **ਉੱਤੇ** ਪਾਉਂਦਾ!

ਮੂਸਾ ਪਰਮੇਸ਼ਰ ਦੇ ਦਿਲ ਦੀ ਗੱਲ ਆਖ ਰਿਹਾ ਸੀ।

ਬਿਵਸਥਾ ਸਾਰ 34:9 ਨੂਨ ਦਾ ਪੁੱਤਰ **ਯਹੋਸ਼ੁਆ ਬੁੱਧੀ** ਦੇ **ਆਤਮਾ ਨਾਲ ਭਰਪੂਰ ਸੀ** ਕਿਉਂ ਜੋ ਮੂਸਾ ਨੇ **ਆਪਣੇ ਹੱਥ ਉਸ ਉੱਤੇ ਰੱਖੇ ਸਨ।** ਉਪਰੰਤ ਇਸਰਾਏਲੀ ਉਸ ਦੀ ਸੁਣਦੇ ਸਨ ਅਤੇ ਉਵੇਂ ਹੀ ਕਰਦੇ ਸਨ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।

## ❖ ਇਸਰਾਏਲ ਦੇ ਲਈ ਪ੍ਰਭੂ ਦੇ ਨਿਆਈਂ:

ਨਿਆਈਆਂ 3:9-10 ਆਥਨੀਏਲ...ਯਹੋਵਾਹ ਦਾ ਆਤਮਾ ਉਸ ਦੇ **ਉੱਤੇ** ਆਇਆ ਅਰ ਉਹ ਇਸਰਾਏਲ ਦਾ ਨਿਆਈ ਬਣਿਆ।

ਨਿਆਈਆਂ 6:34 ਯਹੋਵਾਹ ਦਾ ਆਤਮਾ ਗਿਦਾਊਨ **ਉੱਤੇ** ਆਇਆ

ਨਿਆਈਆਂ 14:6 ਯਹੋਵਾਹ ਦਾ ਆਤਮਾ ਸਮਸੂਨ **ਉੱਤੇ** ਜ਼ੋਰ ਨਾਲ ਆਇਆ

ਨਿਆਈਆਂ 15:14 ਉਸ ਵੇਲੇ ਯਹੋਵਾਹ ਦਾ ਆਤਮਾ ਡਾਢੇ ਜੋਰ ਨਾਲ ਉਹ ਦੇ **ਉੱਤੇ** ਆਇਆ ਅਤੇ ਓਹ ਰੱਸੇ ਜਿਨ੍ਹਾਂ ਨਾਲ ਉਹ ਦੀਆਂ ਬਾਹਾਂ ਬੰਨ੍ਹੀਆਂ ਸਨ ਅਜੇਹੇ ਹੋ ਗਏ ਜੇਹੇ ਅੱਗ ਨਾਲ ਸੜੇ ਹੋਏ ਸਨ ਅਤੇ ਉਹ ਦੇ ਹੱਥਾਂ ਦੇ ਬੰਧਨ ਖੁੱਲ ਗਏ।

ਉਤਪਤ 22:14 ਯਹੋਵਾਹ ਯਿਰੇ – ਪ੍ਰਭੂ ਪ੍ਰਬੰਧ ਕਰੇਗਾ: ਉਹ ਸਭ ਜੋ ਉਸ ਦੇ ਸੇਵਕਾਂ ਲਈ ਲੋੜੀਂਦਾ ਹੈ: ਦਿਲੇਰੀ, ਸ਼ਕਤੀ, ਇਖਤਿਆਰ, ਬੁੱਧੀ, ਪਰਖ, ਆਤਮਾ ਦੀਆਂ ਦਾਤਾਂ।

## ❖ **ਸ਼ਾਊਲ ਦਾ ਰਾਜੇ ਦੇ ਤੌਰ ਤੇ ਸੇਵਾ ਲਈ ਮਸਹ ਕੀਤਾ ਜਾਣਾ**

**1 ਸਮੂਏਲ 10:1-11** ਫੇਰ ਸਮੂਏਲ ਨੇ ਇੱਕ **ਤੇਲ** ਦੀ ਕੁੱਪੀ ਲੈ ਕੇ ਉਹ ਦੇ ਸਿਰ **ਉੱਤੇ** ਡੋਹਲ ਦਿੱਤੀ ਅਰ ਉਹ ਨੂੰ ਚੁੰਮ ਕੇ ਆਖਿਆ, ਭਲਾ, ਯਹੋਵਾਹ ਨੇ ਤੈਨੂੰ ਇਸ ਕਰਕੇ ਨਹੀਂ **ਮਸਹ ਕੀਤਾ** ਜੋ ਤੂੰ ਉਹ ਦੀ ਮਿਰਾਸ ਦਾ ਪਰਧਾਨ ਬਣੇਂ? (5) ਅਤੇ ਇਹ ਦੇ ਪਿੱਛੋਂ ਤੂੰ ਪਰਮੇਸ਼ਰ ਦੇ ਪਰਬਤ ਦੇ ਨੇੜੇ ਜਿੱਥੇ ਫਲਿਸਤੀਆਂ ਦੀ ਚੌਂਕੀ ਹੈ ਅੱਪੜੇਂਗਾ ਅਤੇ ਅਜਿਹਾ ਹੋਵੇਗਾ ਜਾਂ ਤੂੰ ਉੱਥੇ ਸ਼ਹਿਰ ਵਿੱਚ ਵੜੇਂ ਤਾਂ ਇੱਕ ਟੋਲੀ ਤੈਨੂੰ ਨਬੀਆਂ ਦੀ ਮਿਲੇਗੀ ਜੋ ਉੱਥੇ ਉੱਚੇ ਥਾਂਓ ਲਹਿੰਦੀ ਹੋਵੇਗੀ ਅਤੇ ਓਹ ਰਬਾਬ, ਖੰਜਰੀ, ਬੰਸਰੀ ਤੇ ਬੀਨ ਆਪਣੇ ਅੱਗੇ ਲਈ ਆਉਂਦੇ ਹੋਣਗੇ ਅਤੇ ਓਹ ਅਗੰਮ ਵਾਚਣਗੇ। (6) ਤਦ ਯਹੋਵਾਹ ਦਾ ਆਤਮਾ ਤੇਰੇ **ਉੱਤੇ** ਆਵੇਗਾ ਅਤੇ ਤੂੰ ਵੀ ਉਨਾਂ ਦੇ ਨਾਲ **ਅਗੰਮ ਵਾਚੇਂਗਾ** ਸਗੋਂ **ਤੂੰ ਹੋਰ ਡੌਲ ਦਾ ਮਨੁੱਖ ਬਣ ਜਾਵੇਂਗਾ**। (ਇਬਰਾਨੀ: ਅਗੰਮ – ਪ੍ਰੇਰਣਾ ਦੁਆਰਾ ਬੋਲਣਾ ਜਾਂ ਗਾਉਣਾ) (9) ਅਜਿਹਾ ਹੋਇਆ ਜਾਂ ਉਹ ਨੇ ਸਮੂਏਲ ਕੋਲੋਂ ਵਿਦਿਆਂ ਹੋ ਕੇ ਪਿੱਠ ਭੁਆਈ ਤਾਂ ਉਸੇ ਵੇਲੇ ਪਰਮੇਸ਼ਰ ਨੇ ਉਹ ਨੂੰ ਦੂਜੀ ਡੌਲ ਦਾ ਮਨ ਦਿੱਤਾ ਅਤੇ ਓਹ ਸਭ ਨਿਸ਼ਾਨੀਆਂ ਉਸੇ ਦਿਨ ਹੋ ਗਈਆਂ। (10) ਜਾਂ ਓਹ ਉਸ ਪਰਬਤ ਨੂੰ ਆਏ ਤਾਂ ਵੇਖੋ, ਉਹ ਨੂੰ ਇੱਕ ਨਬੀਆਂ ਦੀ ਟੋਲੀ ਮਿਲ ਪਈ ਅਤੇ **ਪਰਮੇਸ਼ਰ ਦਾ ਆਤਮਾ ਉਹ ਦੇ ਉੱਤੇ ਜੋਰ ਨਾਲ ਆਇਆ** ਅਤੇ ਉਹ ਨੇ ਵੀ ਉਨ੍ਹਾਂ ਨਾਲ **ਅਗੰਮ ਵਾਚਿਆ।** (11) ਅਤੇ ਅਜਿਹਾ ਹੋਇਆਂ ਜਾਂ ਉਹ ਦੇ ਅਗਲੇ ਜਾਣੂ ਪਛਾਣੂਆਂ ਨੇ ਉਹ ਨੂੰ ਨਬੀਆਂ ਦੇ ਵਿਚਕਾਰ ਅਗੰਮ ਵਾਚਦਿਆਂ ਡਿੱਠਾ ਤਾਂ ਇੱਕ ਦੂਜੇ ਨੂੰ ਆਖਣ ਲੱਗੇ, ਕੀਸ਼ ਦੇ ਪੁੱਤਰ ਨੂੰ ਕੀ ਹੋਇਆ? ਭਲਾ, ਸ਼ਾਊਲ ਵੀ ਨਬੀਆਂ ਦੇ ਵਿੱਚ ਹੈ? ਉਹ ਬਦਲ ਗਿਆ, ਇਸ ਬਦਲਾਓ ਨੂੰ ਵੇਖਿਆ ਗਿਆ ਅਤੇ ਉਸ ਨੂੰ ਵੱਖਰਾ ਕੀਤਾ ਗਿਆ।

## ❖ ਰਾਜਾ ਸ਼ਾਊਲ ਦੀ ਅਵੱਗਿਆ (1 ਸਮੂਏਲ 15)

**1 ਸਮੂਏਲ 15:22-23** ਸਮੂਏਲ ਬੋਲਿਆ, "ਭਲਾ, ਯਹੋਵਾਹ ਹੋਮ ਦੀਆਂ ਭੇਟਾਂ ਅਤੇ ਬਲੀਆਂ ਨਾਲ ਪਰਸੰਨ ਹੁੰਦਾ ਹੈ, **ਯਾ** ਇਸ ਗੱਲ ਉੱਤੇ ਜੋ ਉਹ ਦੀ ਅਵਾਜ਼ **ਸੁਣੀ ਜਾਵੇ**? ਵੇਖ, ਮੰਨਣਾ ਭੇਟਾਂ ਚੜ੍ਹਾਉਣ ਨਾਲੋਂ ਅਤੇ **ਸਰੋਤਾ ਬਣਨਾ** ਛੱਤਰਿਆਂ ਦੀ ਚਰਬੀ ਨਾਲੋਂ ਚੰਗਾ ਹੈ, ਕਿਉਂ ਜੋ **ਬਗਾਵਤ** ਅਤੇ **ਜਾਦੂਗਰੀ ਦਾ ਪਾਪ** ਇੱਕੋ ਜਿਹਾ ਹੈ, ਅਤੇ **ਖਚਰਊ** ਅਤੇ ਬਦੀ ਅਤੇ **ਮੂਰਤੀ ਪੂਜਾ** ਇੱਕੋ ਜਿਹੀ ਹੈ। ਸੋ ਜਿਹਾ ਤੈਂ ਯਹੋਵਾਹ ਦੇ ਬਚਨ ਨੂੰ ਰੱਦਿਆ ਹੈ, ਤਿਹਾ ਹੀ ਉਸ ਨੇ ਪਾਤਸ਼ਾਹ ਰਹਿਣ ਤੋਂ ਤੈਨੂੰ ਰੱਦਿਆ ਹੈ।

- ਰਸੂਲਾਂ 5:32 ਪਵਿੱਤਰ ਆਤਮਾ ਵੀ ਜੋ ਪਰਮੇਸ਼ਰ ਨੇ **ਆਪਣੇ ਮੰਨਣ ਵਾਲਿਆਂ ਨੂੰ** ਬਖ਼ਸ਼ਿਆ।
- ਉਸ ਨੇ ਸਦੀਪਕ ਜੀਵਨ ਨਹੀਂ ਗੁਆਇਆ – ਉਸ ਨੇ ਆਪਣੀ ਪਦਵੀ ਗੁਆਈ ਅਤੇ ਇਸ ਕਰਕੇ ਉਹ ਮਸਹ ਵੀ ਗੁਆਇਆ ਜੋ ਉਸ ਪਦਵੀ ਦਿਆਂ ਕੰਮਾਂ ਨੂੰ ਪੂਰਾ ਕਰਨ ਲਈ ਲੋੜੀਂਦਾ ਸੀ (ਜ਼ਬੂਰ 89:30-34)।

- ਸ਼ਾਊਲ ਦੀ ਅਵੱਗਿਆ ਦੇ ਨਤੀਜੇ

ਰਸੂਲਾਂ 13:22 ਫੇਰ ਉਹ ਨੂੰ ਹਟਾ ਕੇ **ਦਾਊਦ** ਨੂੰ ਖੜਾ ਕੀਤਾ ਭਈ ਉਨ੍ਹਾਂ ਦਾ ਪਾਤਸ਼ਾਹ ਹੋਵੇ ਜਿਹ ਦੇ ਹੱਕ ਵਿੱਚ ਉਹ ਨੇ ਸਾਖੀ ਦੇ ਕੇ ਆਖਿਆ ਭਈ ਮੈਂ ਯੱਸੀ ਦੇ ਪੁੱਤਰ ਦਾਊਦ ਨੂੰ ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ **ਪੂਰੀ ਕਰੇਗਾ**।

1 **ਸਮੂਏਲ** 16:13 **ਦਾਊਦ ਦਾ ਮਸਹ ਕੀਤਾ ਜਾਣਾ**

ਤਦ ਸਮੂਏਲ ਨੇ **ਤੇਲ** ਦਾ ਸਿੰਙ ਲੈ ਕੇ ਉਹ ਦੇ ਭਰਾਵਾਂ ਦੇ ਵਿੱਚ ਉਹ ਨੂੰ **ਮਸਹ ਕੀਤਾ** ਅਤੇ ਉਸ ਦਿਨ ਤੋਂ ਯਹੋਵਾਹ ਦਾ ਆਤਮਾ ਸਦਾ ਦਾਊਦ **ਉੱਤੇ** ਆਉਂਦਾ ਰਿਹਾ।

**ਆਇਤ 14 ਸ਼ਾਊਲ ਤੋਂ ਉਸ ਦਾ ਮਸਹ ਵਾਪਸ ਲਿਆ ਜਾਣਾ**

ਪਰ ਸ਼ਾਊਲ ਉੱਤੋਂ **ਯਹੋਵਾਹ ਦਾ ਆਤਮਾ ਅੱਡ ਹੋ ਗਿਆ** ਅਤੇ ਯਹੋਵਾਹ ਵਲੋਂ ਇੱਕ ਦੁਸ਼ਟ ਆਤਮਾ ਉਹ ਨੂੰ ਅਕਾਉਣ ਲੱਗਾ। (ਮੱਤੀ 18:34)

- ਮਸਹ ਪ੍ਰਭੂ ਦੀ ਇੱਛਾ ਨੂੰ ਪੂਰਾ ਕਰਨ ਲਈ ਲੋੜੀਂਦੀ ਸ਼ਕਤੀ ਲਈ ਦਿੱਤਾ ਜਾਂਦਾ ਹੈ।
- ਸ਼ਾਊਲ ਪ੍ਰਭੂ ਦੀ **ਆਗਿਆਕਾਰੀ ਨਹੀਂ ਕਰ ਰਿਹਾ ਸੀ: ਵਿਦਰੋਹ** – ਪ੍ਰਭੂ ਨੂੰ "ਇਨਕਾਰ" ਕਰ ਰਿਹਾ ਸੀ। **ਢੀਠਪੁਣਾ** – "ਮੈਂ ਇਸ ਨੂੰ ਆਪਣੇ ਤਰੀਕੇ ਨਾਲ ਕਰਾਂਗਾ।" ਇਸੇ ਕਰਕੇ ਦੁਸ਼ਟ ਆਤਮਾ ਆਇਆ!
- "ਯਹੋਵਾਹ ਵੱਲੋਂ ਇੱਕ ਦੁਸ਼ਟ ਆਤਮਾ" ਕਿਉਂਕਿ ਸ਼ਾਊਲ ਪ੍ਰਭੂ ਦਾ ਸੀ ਅਤੇ ਜੇਕਰ ਪ੍ਰਭੂ ਇਜਾਜ਼ਤ ਨਾ ਦਿੰਦਾ ਤਾਂ ਦੁਸ਼ਟ ਆਤਮਾ ਉਸ ਨੂੰ ਛੂਹ ਨਹੀਂ ਸਕਦਾ ਸੀ। ਅਤੇ ਉਸ ਨੇ ਇਜਾਜ਼ਤ ਦੇ ਦਿੱਤੀ। (ਮੱਤੀ 18:34)

❖ ਇੱਕ ਦਿਲਚਸਪ ਦ੍ਰਿਸ਼

**1 ਸਮੂਏਲ 19:20-24** ਤਾਂ ਸ਼ਾਊਲ ਨੇ ਦਾਊਦ ਦੇ ਫੜਨ ਲਈ ਹਲਕਾਰੇ ਘੱਲੇ ਅਰ ਉਨ੍ਹਾਂ ਨੇ ਜਾਂ ਡਿੱਠਾ ਭਈ ਇੱਕ ਨਬੀਆਂ ਦੀ ਟੋਲੀ ਹੈ ਅਤੇ ਉਹ ਅਗੰਮ ਵਾਚ ਰਹੇ ਹਨ ਅਤੇ ਸਮੂਏਲ ਉਨ੍ਹਾਂ ਦਾ ਆਗੂ ਬਣ ਕੇ ਖਲੋਤਾ ਹੋਇਆ ਹੈ ਤਾਂ **ਪਰਮੇਸ਼ਰ ਦਾ ਆਤਮਾ** ਸ਼ਾਊਲ ਦੇ ਹਲਕਾਰਿਆਂ **ਉੱਤੇ ਆਇਆ** ਅਤੇ ਓਹ ਵੀ **ਅਗੰਮ ਵਾਚਣ ਲੱਗ ਪਏ।** (21) ਜਾਂ ਸ਼ਾਊਲ ਨੂੰ ਇਹ ਖਬਰ ਅੱਪੜ ਪਈ ਤਾਂ ਉਸ ਨੇ ਹੋਰ ਹਲਕਾਰੇ ਘੱਲੇ ਅਤੇ ਓਹ **ਵੀ ਅਗੰਮ ਵਾਚਣ ਲੱਗ ਪਏ** ਤਾਂ ਸ਼ਾਊਲ ਨੇ ਤੀਜੀ ਵਾਰ ਫੇਰ ਹਲਕਾਰੇ ਘੱਲੇ ਅਤੇ ਓਹ **ਵੀ ਅਗੰਮ ਵਾਚਣ ਲੱਗ ਪਏ।** (22) ਤਦ **ਉਹ ਆਪ** ਰਾਮਾਹ ਨੂੰ ਗਿਆ...ਅਤੇ ਪਰਮੇਸ਼ਰ ਦਾ ਆਤਮਾ ਉਹ ਦੇ **ਉੱਤੇ** ਵੀ ਆਇਆ ਅਤੇ ਉਹ ਤੁਰਦਿਆਂ ਤੁਰਦਿਆਂ **ਅਗੰਮ ਵਾਚੀ ਗਿਆ** ਐਥੋਂ ਤੋੜੀ ਜੋ ਰਾਮਾਹ ਦੇ ਨਾਯੋਥ ਵਿੱਚ ਅੱਪੜ ਪਿਆ। (24) ਅਤੇ ਉਸ ਨੇ ਵੀ ਆਪਣੇ ਲੀੜੇ ਲਾਹ ਸੁੱਟੇ ਅਤੇ ਸਮੂਏਲ ਦੇ ਅੱਗੇ ਉਸੇ ਤਰਾਂ ਅਗੰਮ ਵਾਚਿਆ ਅਤੇ ਉਸ ਸਾਰੇ ਦਿਨ ਅਤੇ ਸਾਰੀ ਰਾਤ ਵਿੱਚ ਨੰਗਾ ਪਿਆ (ਸ਼ਾਬਦਿਕ: ਡਿੱਗਿਆ) ਰਿਹਾ। ਸੋ ਕਹਾਉਤ ਚੱਲ ਪਈ "ਭਲਾ, ਸ਼ਾਊਲ ਵੀ ਨਬੀਆਂ ਵਿੱਚ ਹੈ?"

- ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਸੀਂ ਕਿਸ ਗੱਲ ਨੂੰ ਪ੍ਰਭੂ ਵੱਲੋਂ ਹੋਇਆ ਆਖਦੇ ਹਾਂ ਅਤੇ ਕਿਸ ਨੂੰ ਨਹੀਂ, ਕਿਉਂਕਿ ਇਹ ਬਹੁਤ ਅਜੀਬ ਅਤੇ ਸ਼ਰਮਿੰਦਗੀ ਭਰਿਆ ਹੋ ਸਕਦਾ ਹੈ।

- ਇਸ ਨਬੂਵਤ ਵਿੱਚ ਕੇਵਲ "ਸੱਚ ਬੋਲਣ" ਨਾਲੋਂ ਵਧ ਕੇ ਕੁਝ ਹੋਣਾ ਚਾਹੀਦਾ ਹੈ, ਕਿਉਂਕਿ ਇਸ ਨੇ ਉਨ੍ਹਾਂ ਨੂੰ ਆਪਣੇ ਮਿਸ਼ਨ ਨੂੰ ਪੂਰਾ ਕਰਨ ਤੋਂ ਡੱਕ ਦਿੱਤਾ। ਪ੍ਰਭੂ ਕਿਸੇ ਵੀ ਮਿਸ਼ਨ ਨੂੰ ਰੋਕ ਸਕਦਾ ਹੈ।

  ਜ਼ਬੂਰ 105:15 ਮੇਰੇ ਮਸਹ ਕੀਤੇ ਹੋਇਆਂ ਨੂੰ ਨਾ ਛੂਹੋ, ਨਾ ਮੇਰੇ ਨਬੀਆਂ ਦੀ ਹਾਣ ਕਰੋ!

  ਅੱਯੂਬ 5:12 ਉਹ ਚਲਾਕਾਂ ਦੀਆਂ ਜੁਗਤੀਆਂ ਨੂੰ ਅਕਾਰਥ ਕਰ ਦਿੰਦਾ ਹੈ, ਅਤੇ ਉਨ੍ਹਾਂ ਦੇ ਹੱਥ ਸਫਲ ਨਹੀਂ ਹੁੰਦੇ।

  ਜ਼ਬੂਰ 33:10 ਯਹੋਵਾਹ ਕੌਮਾਂ ਦੀ ਸਲਾਹ ਨੂੰ ਅਵਿਰਥਾ ਕਰਦਾ, ਲੋਕਾਂ ਦੀਆਂ ਜੁਗਤਾਂ ਨੂੰ ਅਕਾਰਥ ਕਰ ਦਿੰਦਾ ਹੈ।

  **ਜ਼ਰੂਰੀ ਹੈ** ਕਿ **ਤੁਸੀਂ** ਆਪਣੇ ਆਪ ਨੂੰ ਪ੍ਰਭੂ ਦੇ ਰਾਜਦੂਤ ਅਤੇ ਮਿਸ਼ਨਰੀ ਵਾਂਗ ਵੇਖੋ ਅਤੇ ਰੋਜਾਨਾ ਕੰਮ ਕਰਦਿਆਂ ਜਾਂ ਜਿੱਥੇ ਕਿਤੇ ਵੀ ਤੁਸੀਂ ਜਾਂਦੇ ਹੋ, ਆਪਣੇ ਆਪ ਨੂੰ ਆਪਣੇ ਮਿਸ਼ਨ ਖੇਤਰ ਵਿੱਚ ਵੇਖੋ।

ਆਤਮਾ ਬਾਰੇ ਭਵਿੱਖ ਦੀ ਪ੍ਰਤਿੱਗਿਆ:

**ਯੋਏਲ 2:28-29** **ਏਹ ਦੇ ਮਗਰੋਂ** ਐਉਂ ਹੋਵੇਗਾ, ਕਿ **ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ**, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ **ਅਗੰਮ ਵਾਕ ਕਰਨਗੇ**, ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ, ਤੁਹਾਡੇ ਜੁਆਨ ਦਰਸ਼ਣ ਵੇਖਣਗੇ। (29) ਨਾਲੇ **ਮੈਂ** ਦਾਸਾਂ ਅਰ ਦਾਸੀਆਂ ਉੱਤੇ, **ਉਨ੍ਹੀ ਦਿਨੀਂ ਆਪਣਾ ਆਤਮਾ ਵਹਾਵਾਂਗਾ।**

-------- ਨਵਾਂ ਨੇਮ --------

ਪਵਿੱਤਰ ਆਤਮਾ ਨੂੰ ਇਸ ਤਰ੍ਹਾਂ ਪਰਗਟ ਕੀਤਾ ਗਿਆ ਹੈ:

| | |
|---|---|
| ਰੋਮੀਆਂ 8:9 | . . . ਪਰਮੇਸ਼ਰ ਦਾ ਆਤਮਾ |
| 1 ਪਤਰਸ 1:11 | . . . ਮਸੀਹ ਦਾ ਆਤਮਾ |
| ਰਸੂਲਾਂ 16:7 | . . . ਯਿਸੂ ਦੇ ਆਤਮਾ ਨੇ |
| ਫ਼ਿਲਿੱਪੀਆਂ 1:19 | . . . ਯਿਸੂ ਮਸੀਹ ਦੇ ਆਤਮਾ ਦੀ |

## ❖ ਬਪਤਿਸਮਾ ਦੇਣ ਵਾਲੇ ਯੂਹੰਨਾ ਦਾ ਵਾਕ

**ਲੂਕਾ 3:16** ਯੂਹੰਨਾ ਨੇ ਸਭਨਾਂ ਨੂੰ ਅੱਗੋਂ ਆਖਿਆ ਕਿ ਮੈਂ ਤਾਂ ਤੁਹਾਨੂੰ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਇੱਕ ਮੈਥੋਂ ਬਲਵੰਤ ਆਉਂਦਾ ਹੈ ਜਿਹ ਦੀ ਜੁੱਤੀ ਦਾ ਤਸਮਾਂ ਮੈਂ ਖੋਲ੍ਹਣ ਦੇ ਜੋਗ ਨਹੀ, **ਉਹ ਤੁਹਾਨੂੰ ਪਵਿੱਤਰ ਆਤਮਾ ਅਰ ਅੱਗ ਨਾਲ ਬਪਤਿਸਮਾ ਦੇਊ**।

- ਬਪਤਿਸਮਾ ਦੇ ਮੂਲ ਯੂਨਾਨੀ ਸ਼ਬਦ ਦਾ ਅਰਥ ਹੈ – ਵਿੱਚ ਪਾਉਣਾ; ਡੁਬਕੀ ਦੇਣਾ

- ਇਵੇਂ ਮਹਿਸੂਸ ਹੁੰਦਾ ਹੈ ਕਿ ਇਸ ਸੰਦਰਭ ਵਿੱਚ "ਅੱਗ" ਉਸ ਲਗਨ, ਯੋਗ ਬਣਾਉਣ ਅਤੇ ਅੱਗ ਦੇ ਸ਼ੁੱਧ ਕਰਨ ਵਾਲੇ ਕੰਮ ਵੱਲ ਇਸ਼ਾਰਾ ਕਰਨ ਰਹੀ ਹੈ ਜੋ ਪਵਿੱਤਰ ਆਤਮਾ ਦੇ ਆਉਣ ਨਾਲ ਹੁੰਦਾ ਹੈ।

  ਇਬਰਾਨੀਆਂ 1:7 ਉਹ ਦੂਤਾਂ ਦੇ ਵਿਖੇ ਆਖਦਾ ਹੈ,-ਉਹ ਆਪਣਿਆਂ ਦੂਤਾਂ ਨੂੰ ਹਵਾਵਾਂ (ਸ਼ਾਬਦਿਕ: ਆਤਮਾਵਾਂ) ਅਤੇ ਆਪਣੇ ਉਪਾਸਕਾਂ ਨੂੰ ਅਗਨ ਦੀਆਂ ਲਾਟਾਂ ਬਣਾਉਂਦਾ ਹੈ।

  ਉਪਾਸਕਾਂ ਦਾ ਅਰਥ ਉਸ ਦੇ ਸਵਰਗਦੂਤ ਜਾਂ ਅਸੀਂ ਜਾਂ ਦੋਵੇਂ ਹੋ ਸਕਦਾ ਹੈ। ਪੰਤੇਕੁਸਤ ਦੇ ਦਿਨ ਹਰੇਕ ਦੇ ਉੱਤੇ "ਅੱਗ ਜਹੀਆਂ ਜੀਭਾਂ" ਸਨ ਅਤੇ ਇਸ ਨੇ ਉਨ੍ਹਾਂ ਸਭਨਾਂ ਨੂੰ ਬਦਲ ਦਿੱਤਾ, ਸ਼ਕਤੀ ਦਿੱਤੀ ਅਤੇ ਸਰਗਰਮੀ ਨਾਲ ਭਰ ਦਿੱਤਾ। ਡਰ ਕੇ ਚੁਬਾਰੇ ਵਿੱਚ ਲੁਕੇ ਬੈਠੇ ਇਹ ਸਾਰੇ ਜਣੇ ਹੁਣ ਗਲੀਆਂ ਵਿੱਚ ਦਿਲੇਰੀ ਨਾਲ ਪ੍ਰਚਾਰ ਕਰਨ ਲੱਗੇ: ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਭਈ ਇਸੇ - **ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ,** ਪਰਮੇਸ਼ਰ ਨੇ ਓਸ ਨੂੰ ਪ੍ਰਭੂ ਭੀ ਅਤੇ ਮਸੀਹ ਭੀ ਕੀਤਾ। ਰਸੂਲਾਂ 2:36

## ❖ ਪਵਿੱਤਰ ਆਤਮਾ ਨਾਲ ਯਿਸੂ ਦਾ ਅਨੁਭਵ:

ਯਿਸੂ ਦੀ ਉਮਰ 30 ਵਰ੍ਹੇ ਸੀ, ਉਹ ਆਪਣੇ ਦੁਨਿਆਵੀ ਪਿਤਾ ਦਾ ਇੱਕ ਵਫਾਦਾਰ ਸੇਵਕ ਰਿਹਾ ਸੀ। ਹੁਣ ਉਸ ਦਾ ਸੇਵਾ ਅਰੰਭ ਕਰਨ ਦਾ ਸਮਾਂ ਸੀ:

ਲੂਕਾ **3:21-22** ਜਾਂ ਸਾਰੇ ਲੋਕ ਬਪਤਿਸਮਾ ਲੈ ਹਟੇ ਅਰ ਯਿਸੂ ਵੀ **ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਿਹਾ ਸੀ** ਤਾਂ ਐਉਂ ਹੋਇਆ ਜੋ ਅਕਾਸ਼ ਖੁਲ੍ਹ ਗਿਆ। (22) ਅਤੇ **ਪਵਿੱਤਰ ਆਤਮਾ** ਦਿਹ ਦਾ ਰੂਪ ਧਾਰ ਕੇ ਕਬੂਤਰ ਦੀ ਨਿਆਈਂ ਉਸ **ਉੱਤੇ** ਉੱਤਰਿਆ ਅਤੇ ਇੱਕ ਸੁਰਗੀ ਬਾਣੀ ਆਈ, ਤੂੰ ਮੇਰਾ ਪਿਆਰਾ **ਪੁੱਤਰ** ਹੈਂ, ਤੈਥੋਂ ਮੈਂ ਪਰਸਿੰਨ ਹਾਂ।

- ਉਸ ਦਾ ਬਪਤਿਸਮਾ ਇੱਕ ਅਜਿਹਾ ਕੰਮ ਸੀ ਜਿਸ ਨੇ ਦਰਸਾਇਆ ਕਿ ਉਹ ਆਪਣੇ ਪੁਰਾਣੇ ਜੀਵਨ ਲਈ ਮਰ ਚੁੱਕਾ ਹੈ ਅਤੇ ਹੁਣ ਆਪਣੇ ਸਵਰਗੀ ਪਿਤਾ ਦੀ ਸੇਵਾ ਅਤੇ ਆਗਿਆਕਾਰੀ ਲਈ **ਸਮਰਪਿਤ ਹੈ।** ਇਸ ਕਰਕੇ ਪਵਿੱਤਰ ਆਤਮਾ ਦਾ **ਮਸਹ** ਉਸ ਦੇ **ਉੱਤੇ** ਉੱਤਰ ਆਇਆ।

**ਲੂਕਾ 4:1-2**, ਯਿਸੂ **ਪਵਿੱਤਰ ਆਤਮਾ** ਨਾਲ **ਭਰਪੂਰ** ਹੋ ਕੇ ਯਰਦਨ ਤੋਂ ਮੁੜਿਆ ਅਰ ਆਤਮਾ ਦੀ ਅਗਵਾਈ ਨਾਲ, (2) ਚਾਲੀਆਂ ਦਿਨਾਂ ਤੋੜੀ ਉਜਾੜ ਵਿੱਚ ਫਿਰਦਾ ਰਿਹਾ ਅਤੇ ਸ਼ਤਾਨ ਉਹ ਨੂੰ ਪਰਤਾਉਂਦਾ ਸੀ।

- ਯਿਸੂ ਨੂੰ ਪਵਿੱਤਰ ਆਤਮਾ ਵਿੱਚ **ਬਪਤਿਸਮਾ ਦਿੱਤਾ** ਗਿਆ ਅਤੇ ਉਸ ਨੂੰ ਪਵਿੱਤਰ ਆਤਮਾ ਨਾਲ **ਭਰਪੂਰ** ਆਖਿਆ ਗਿਆ, ਜੋ ਦਰਅਸਲ ਇੱਕੋ ਗੱਲ ਹੈ।
- ਜਿੱਥੇ **"ਪਹਿਲਾ ਮਨੁੱਖ ਆਦਮ"** ਪ੍ਰੀਖਿਆ ਵਿੱਚ ਵਿਫਲ ਹੋਇਆ, ਉੱਥੇ **"ਛੇਕੜਲਾ ਆਦਮ"** (1 ਕੁਰਿੰਥੀਆਂ 15:45) ਪਰਮੇਸ਼ਰ ਦੇ ਵਚਨ ਦੀ ਆਗਿਆਕਾਰੀ ਕਰਕੇ ਅਤੇ ਉਸ ਦਾ ਸਹਾਰਾ ਲੈ ਕੇ ਪ੍ਰੀਖਿਆ ਦਾ ਸਾਹਮਣਾ ਕਰ ਸਕਿਆ।

ਨਤੀਜਾ:

**ਲੂਕਾ 4:14** ਯਿਸੂ ਆਤਮਾ ਦੀ **ਸ਼ਕਤੀ** ਵਿੱਚ ਗਲੀਲ ਨੂੰ ਮੁੜਿਆ ਅਰ ਉਹ ਦਾ ਜਸ ਸਾਰੇ ਇਲਾਕੇ ਵਿੱਚ ਖਿੰਡ ਗਿਆ।

- ਪ੍ਰਭੂ ਦੀ ਆਗਿਆਕਾਰੀ ਕਰਕੇ ਅਤੇ ਸ਼ਤਾਨ ਦੀ ਪ੍ਰੀਖਿਆ ਨੂੰ "ਨਾਂਹ" ਆਖ ਕੇ ਤੁਸੀਂ **ਪਵਿੱਤਰ ਆਤਮਾ ਦੀ ਸ਼ਕਤੀ** ਵਿੱਚ ਆ ਜਾਂਦੇ ਹੋ। ਰਸੂਲਾਂ 5:32

- ਯਿਸੂ ਸਮਝਾਉਂਦਾ ਹੈ ਕਿ ਪਵਿੱਤਰ ਆਤਮਾ ਉਸ ਦੇ ਉੱਤੇ ਕਿਉਂ ਹੈ:

**ਲੂਕਾ 4:18-19** ਪ੍ਰਭੂ ਦਾ ਆਤਮਾ ਮੇਰੇ **ਉੱਤੇ** ਹੈ, ਇਸ ਲਈ ਜੋ ਉਹ ਨੇ **ਮੈਨੂੰ ਮਸਹ ਕੀਤਾ** ਭਈ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ, (19) ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪਰਚਾਰ ਕਰਾਂ।

- ਹੁਣ ਯਿਸੂ ਨੇ ਸਾਨੂੰ ਆਪਣਾ ਮਿਸ਼ਨ ਦੇ ਦਿੱਤਾ ਹੈ (ਯੂਹੰਨਾ 17:18; 20:21)।

- ਪਵਿੱਤਰ ਆਤਮਾ ਦੇ ਕਿਸੇ **ਉੱਤੇ** ਆਉਣ ਅਤੇ **ਸ਼ਕਤੀ ਦੇਣ** ਦਾ ਮੁੱਖ ਉਦੇਸ਼ ਇਹ ਹੈ – ਕਿ ਉਹ ਮਿਸ਼ਨਰੀ / ਗਵਾਹ / ਉਸ ਦਾ ਸੇਵਕ ਬਣੇ।

- ਪਵਿੱਤਰ ਆਤਮਾ ਬਾਰੇ ਯਿਸੂ ਦੀ ਸਿੱਖਿਆ

**ਯੂਹੰਨਾ 7:37-39** ਪਿਛਲੇ ਦਿਨ ਜਿਹੜਾ ਤਿਉਹਾਰ ਦਾ ਵੱਡਾ ਦਿਨ ਸੀ ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ **ਜੇ ਕੋਈ** ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ! (38) **ਜੋ ਕੋਈ** ਮੇਰੇ ਉੱਤੇ **ਨਿਹਚਾ ਕਰਦਾ ਹੈ** ਲਿਖਤ (ਯਸਾਯਾਹ 44:3) ਅਨੁਸਾਰ **ਅੰਮ੍ਰਿਤ ਜਲ ਦੀਆਂ ਨਦੀਆਂ** ਉਹ ਦੇ ਅੰਦਰੋਂ **ਵਗਣਗੀਆਂ**!

- ਜੋ ਕੋਈ ਵਿਸ਼ਵਾਸ ਕਰਦਾ ਹੈ – ਤੁਸੀਂ ਜਿੰਨਾ ਜ਼ਿਆਦਾ ਪੀਓਗੇ, ਅੰਮ੍ਰਿਤ ਜਲ ਦੀਆਂ ਨਦੀਆਂ ਲੋਕਾਂ ਤੱਕ ਓਨੀਆਂ ਹੀ ਜ਼ਿਆਦਾ ਵਹਿਣਗੀਆਂ। ਪਵਿੱਤਰ ਆਤਮਾ ਦਾ ਉੱਤੇ ਆਉਣ ਵਾਲਾ ਇਹ ਮਸਹ / ਸ਼ਕਤੀ ਉਨ੍ਹਾਂ ਸਭਨਾਂ ਦੇ ਲਈ ਹੈ ਜੋ ਆਉਂਦੇ ਹਨ / ਪੀਂਦੇ ਹਨ / ਆਗਿਆਕਾਰੀ ਕਰਦੇ ਹਨ ਅਤੇ ਉਸ ਦੀ ਸੇਵਾ ਕਰਦੇ ਹਨ।

ਪਰ ਉਹ ਨੇ ਇਹ ਗੱਲ **ਆਤਮਾ** ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ **ਪ੍ਰਾਪਤ ਹੋਣਾ ਸੀ** ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ **ਆਤਮਾ ਅਜੇ ਦਿੱਤਾ ਨਾ ਗਿਆ ਸੀ** ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ। (ਯਸਾਯਾਹ 44:3; 55:1; 58:11)

- ਅਜੇ ਦਿੱਤਾ ਨਾ ਗਿਆ ਸੀ? ਅਸੀਂ ਪੁਰਾਣੇ ਨੇਮ ਵਿੱਚੋਂ ਵੇਖਿਆ ਹੈ ਕਿ ਉਹ ਕਈਆਂ ਉੱਤੇ ਉੱਤਰਿਆ ਸੀ। ਇਸ ਦਾ ਕੀ ਅਰਥ ਹੋਇਆ, "ਅਜੇ ਦਿੱਤਾ ਨਾ ਗਿਆ ਸੀ?"

**ਯੂਹੰਨਾ 16:7** ਪਰ ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਮੇਰਾ ਜਾਣਾ ਹੀ **ਤੁਹਾਡੇ ਲਈ ਚੰਗਾ ਹੈ** ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ ਪਰ **ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ**। ਇੱਕ ਪ੍ਰਤਿੱਗਿਆ।

- ਯਿਸੂ ਨੂੰ ਪਹਿਲਾਂ ਸਲੀਬ ਉੱਤੇ ਪਾਪ ਦੀ ਸਮੱਸਿਆ ਦਾ ਹੱਲ ਕਰਨਾ ਸੀ (2ਕੁਰਿੰਥੀਆਂ 5:21) ਅਤੇ ਫਿਰ, ਮਹਿਮਾ ਨੂੰ ਪਹੁੰਚਣਾ ਸੀ ਤਾਂ ਜੋ ਪਵਿੱਤਰ ਆਤਮਾ ਨੂੰ ਸਾਡੇ **"ਅੰਦਰ"** ਰਹਿਣ ਲਈ ਘੱਲ ਸਕੇ। ਪਵਿੱਤਰ ਆਤਮਾ ਇੱਕ ਪਾਪੀ ਹੈਕਲ ਦੇ ਅੰਦਰ ਵਾਸ ਨਹੀਂ ਕਰ ਸਕਦਾ।

**ਯੂਹੰਨਾ 16:13-14** ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ **ਉਹ** ਸਾਰੀ ਸਚਿਆਈ ਵਿੱਚ **ਤੁਹਾਡੀ ਅਗਵਾਈ ਕਰੇਗਾ**...ਅਤੇ **ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ।** (14) **ਉਹ ਮੇਰੀ ਵਡਿਆਈ ਕਰੇਗਾ** ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ।

(1 ਕੁਰਿੰਥੀਆਂ 6:19-20)

**ਯੂਹੰਨਾ 14:26** ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ **ਤੁਹਾਨੂੰ** ਸੱਭੋ ਕੁਝ **ਸਿਖਾਲੇਗਾ** ਅਤੇ ਸੱਭੋ ਕੁਝ ਜੋ ਮੈਂ **ਤੁਹਾਨੂੰ** ਆਖਿਆ **ਤੁਹਾਨੂੰ ਚੇਤੇ ਕਰਾਵੇਗਾ**।

- ਸਾਨੂੰ ਸਿਖਾਉਣ ਵਾਲੇ ਦੀ ਬਹੁਤ ਜ਼ਿਆਦਾ ਲੋੜ ਹੈ!
- ਜ਼ਰੂਰੀ ਹੈ ਕਿ ਅਸੀਂ ਪਵਿੱਤਰ ਆਤਮਾ ਦੇ ਨਾਲ ਗੂੜ੍ਹਾ ਸੰਬੰਧ ਵਿਕਸਿਤ ਕਰੀਏ।
- ਜ਼ਰੂਰੀ ਹੈ ਕਿ ਅਸੀਂ ਉਸ ਦੀ ਮੰਨੀਏ ਅਤੇ ਉਸ ਦੀ ਅਵਾਜ਼ ਨੂੰ ਸੁਣਨਾ ਸਿੱਖੀਏ।

**ਯੂਹੰਨਾ 15:26-27** ਪਰ ਜਾਂ ਉਹ **ਸਹਾਇਕ** ਆਵੇ ਜਿਹ ਨੂੰ **ਮੈਂ** ਤੁਹਾਡੇ ਕੋਲ ਪਿਤਾ ਦੀ ਵੱਲੋਂ **ਘੱਲਾਂਗਾ** ਅਰਥਾਤ **ਸਚਿਆਈ** ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ **ਉਹ ਮੇਰੇ ਹੱਕ ਵਿੱਚ ਸਾਖੀ ਦੇਵੇਗਾ**। (27) ਅਤੇ **ਤੁਸੀਂ ਵੀ ਗਵਾਹ ਹੋ** ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ ਰਹੇ ਹੋ।

- ਜੇਕਰ ਤੁਸੀਂ "ਆਤਮਾ ਦੁਆਰਾ ਚੱਲੋ" (ਗਲਾਤੀਆਂ 5:16) ਤਾਂ ਤੁਸੀਂ ਕੇਵਲ ਸੱਚ ਹੀ ਬੋਲੋਗੇ ਅਤੇ ਤੁਸੀਂ ਲਗਾਤਾਰ ਯਿਸੂ ਦੀ ਸਾਖੀ ਦਿੰਦੇ ਰਹੋਗੇ।

- ਨਵਾਂ ਨੇਮ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਲਿਖਿਆ ਗਿਆ – ਅਰੰਭ ਤੋਂ ਯਿਸੂ ਨਾਲ ਰਹਿਣ ਵਾਲੇ ਲੋਕਾਂ ਨੇ ਸੱਚ ਬੋਲਿਆ। ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ (ਸਾਹ ਜਾਂ ਹਵਾ) ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ   2 ਤਿਮੋਥਿਉਸ 3:16

**ਯੂਹੰਨਾ 14:12** ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ **ਉਹ ਭੀ ਕਰੇਗਾ** ਸਗੋਂ ਇਨ੍ਹਾਂ ਨਾਲੋਂ **ਵੱਡੇ ਕੰਮ** ਕਰੇਗਾ ਕਿਉਂ ਜੋ ਮੈਂ ਪਿਤਾ ਕੋਲ ਜਾਂਦਾ ਹਾਂ।

- ਸੰਸਾਰ ਨੂੰ ਅਜਿਹੇ ਲੋਕ ਵੇਖਣ ਦੀ ਲੋੜ ਹੈ ਜਿਹੜੇ ਪਵਿੱਤਰ ਆਤਮਾ ਨਾਲ ਭਰੇ ਅਤੇ ਸ਼ਕਤੀ ਪ੍ਰਾਪਤ ਹੋਣ, ਯਿਸੂ ਦੀ ਸੁਣਨ, ਆਗਿਆਕਾਰੀ ਕਰਨ, ਗਵਾਹੀ ਦੇਣ, ਉਸ ਦੇ ਕੰਮ ਅਤੇ ਸੇਵਾ ਕਰਨ, ਜਿਵੇਂ ਕਿ ਲੂਕਾ 4:18 ਵਿੱਚ ਦਰਸਾਇਆ ਗਿਆ ਹੈ।

**ਯੂਹੰਨਾ 14:16-17** ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ **ਉਹ ਤੁਹਾਨੂੰ** ਦੂਜਾ ਸਹਾਇਕ **ਬਖ਼ਸ਼ੇਗਾ** ਭਈ ਉਹ **ਸਦਾ ਤੁਹਾਡੇ ਸੰਗ ਰਹੇ**। (17) ਅਰਥਾਤ **ਸਚਿਆਈ** ਦਾ ਆਤਮਾ ਜਿਹ ਨੂੰ ਜਗਤ ਨਹੀਂ ਪਾ ਸੱਕਦਾ ਕਿਉਂ ਜੋ ਉਹ ਉਸ ਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ **ਤੁਹਾਡੇ ਸੰਗ** ਰਹਿੰਦਾ ਹੈ ਅਤੇ **ਤੁਹਾਡੇ ਵਿੱਚ ਹੋਵੇਗਾ**।

- ਪਵਿੱਤਰ ਆਤਮਾ ਚੇਲਿਆਂ ਦੇ **"ਅੰਦਰ" ਨਹੀਂ ਸੀ** !
- ਉਹ ਨਵਾਂ ਜਨਮ ਪਾਏ ਹੋਏ ਨਹੀਂ ਸਨ। ਪਾਪ ਅਜੇ ਹਟਾਇਆ ਨਹੀਂ ਗਿਆ ਸੀ।
- ਇਸ ਤੋਂ ਉਨ੍ਹਾਂ ਦੇ ਸਭਨਾਂ ਪ੍ਰਸ਼ਨਾਂ ਦਾ ਉੱਤਰ ਮਿਲਦਾ ਹੈ, ਜਿਵੇਂ ਕਿ: "ਉਹ ਕਿਸ ਬਾਰੇ ਦੱਸ ਰਿਹਾ ਹੈ?"

**1 ਕੁਰਿੰਥੀਆਂ 2:14** ਪਰ **ਪ੍ਰਾਣਿਕ ਮਨੁੱਖ** ਪਰਮੇਸ਼ਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਓਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ ਇਸ ਲਈ ਜੋ ਆਤਮਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ।

- ਜਦ ਤੱਕ ਕੋਈ ਵਿਅਕਤੀ ਨਵਾਂ ਜਨਮ ਪ੍ਰਾਪਤ ਨਹੀਂ ਕਰਦਾ ਅਤੇ ਪਵਿੱਤਰ ਆਤਮਾ ਉਸ ਦੇ **"ਅੰਦਰ"** ਵਾਸ ਨਹੀਂ ਕਰਦਾ, ਤਦ ਤੱਕ ਉਹ ਵਿਅਕਤੀ ਪ੍ਰਾਣਿਕ ਮਨੁੱਖ ਰਹਿੰਦਾ ਹੈ ਅਤੇ ਉਹ ਆਤਮਾ ਦੀਆਂ ਗੱਲਾਂ ਨੂੰ ਸਮਝ ਨਹੀਂ ਪਾਉਂਦਾ।

# ਸੋ ਚੇਲਿਆਂ ਨੇ ਨਵਾਂ ਜਨਮ ਕਦੋਂ ਪ੍ਰਾਪਤ ਕੀਤਾ?

- ਉੱਤਰ: ਪੁਨਰਉੱਥਾਨ ਦੇ ਦਿਨ

**ਯੂਹੰਨਾ 20:21-22** ਤਦ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ, ਤੁਹਾਡੀ ਸ਼ਾਂਤੀ ਹੋਵੇ! **ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ।**

- ਪਿਤਾ ਨੇ ਪੁੱਤਰ ਨੂੰ ਕਿਵੇਂ ਘੱਲਿਆ?
    - ਆਤਮਾ ਤੋਂ ਜਨਮਿਆ।
    - ਉਸ ਦੇ ਉੱਤੇ ਪਵਿੱਤਰ ਆਤਮਾ ਦਾ ਮਸਹ ਅਤੇ ਸ਼ਕਤੀ ਦਿੱਤੀ ਗਈ।

**ਆਇਤ 22** ਉਸ ਨੇ ਇਹ ਕਹਿ ਕੇ **ਉਨ੍ਹਾਂ ਉੱਤੇ ਫੂਕ ਮਾਰੀ ਅਤੇ ਕਿਹਾ, ਤੁਸੀਂ ਪਵਿੱਤਰ ਆਤਮਾ ਲਓ।**

- **"ਲਓ"** (ਭੂਤਕਾਲ, ਕਰਤਰੀਵਾਚ, ਆਗਿਆ ਸੂਚਕ) ਉਸੇ ਸਮੇਂ ਉੱਥੇ ਹੀ ਗ੍ਰਹਿਣ ਕਰਨ ਦਾ ਹੁਕਮ।
- **ਪਾਪ ਖਿਮਾ ਕਰਕੇ ਮਿਟਾ ਦਿੱਤਾ ਗਿਆ**, ਇਸ ਕਰਕੇ **ਹੁਣ** ਪਵਿੱਤਰ ਆਤਮਾ ਵਿਸ਼ਵਾਸੀਆਂ ਦੇ **ਅੰਦਰ** ਨਿਵਾਸ ਕਰ ਸਕਦਾ ਸੀ।

- ਹੋਰ ਕਿੱਥੇ ਅਸੀਂ ਪ੍ਰਭੂ ਨੂੰ ਮਨੁੱਖ ਉੱਤੇ ਫੂਕ ਮਾਰਦਿਆਂ ਵੇਖਿਆ ਹੈ?
  (ਆਦਮ: ਉਤਪਤ 2:7)

- **ਪੁਨਰਉੱਥਾਨ ਦੇ ਦਿਨ** ਚੇਲਿਆਂ ਨੇ **ਨਵਾਂ ਜਨਮ** ਪਾ ਲਿਆ।

- ਪੁਨਰਉੱਥਾਨ ਦੇ ਦਿਨ ਦੀ ਤੁਲਨਾ ਲੂਕਾ ਵੱਲੋਂ ਦਰਜ ਲੇਖ ਨਾਲ ਕਰੋ।

- **ਲੂਕਾ 24:45** ਤਦ ਉਸ ਨੇ **ਉਨ੍ਹਾਂ ਦੀ ਬੁੱਧ ਖੋਲ੍ਹ ਦਿੱਤੀ** ਜੋ ਪੁਸਤਕਾਂ ਨੂੰ ਸਮਝ ਲੈਣ।
  - ਜਦ ਪਵਿੱਤਰ ਆਤਮਾ **ਉਨ੍ਹਾਂ ਦੇ ਅੰਦਰ** ਆ ਗਿਆ ਤਾਂ ਉਨ੍ਹਾਂ ਦੀ ਬੁੱਧ ਖੁੱਲ੍ਹ ਗਈ:
    - ਤਦ ਉਨ੍ਹਾਂ ਨੇ **ਨਵਾਂ ਜਨਮ** ਪਾਇਆ।
    - ਹੁਣ ਉਨ੍ਹਾਂ ਨੂੰ ਆਤਮਕ ਸਮਝ ਮਿਲ ਗਈ।
    - ਇਸ ਬਾਰੇ ਇਨ੍ਹਾਂ ਆਇਤਾਂ ਵਿੱਚ ਦੱਸਿਆ ਗਿਆ ਹੈ: ਯਿਰਮਿਯਾਹ 31:33-34; ਹਿਜ਼ਕੀਏਲ 36:26

ਯਿਰਮਿਯਾਹ 31:33-34 ਏਹ ਉਹ **ਨੇਮ** ਹੈ...ਮੈਂ ਆਪਣੀ ਬਿਵਸਥਾ ਨੂੰ ਓਹਨਾਂ ਦੇ **ਅੰਦਰ** ਰੱਖਾਂਗਾ ਅਤੇ ਓਹਨਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਓਹਨਾਂ ਦਾ ਪਰਮੇਸ਼ਰ ਹੋਵਾਂਗਾ ਅਤੇ ਓਹ ਮੇਰੀ ਪਰਜਾ ਹੋਣਗੇ। (34)...ਕਿਉਂ ਜੋ ਓਹ...**ਮੈਨੂੰ ਜਾਣ ਲੈਣਗੇ**...ਕਿਉਂ ਜੋ ਮੈਂ ਓਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਓਹਨਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ।

ਹਿਜ਼ਕੀਏਲ 36:26-27 ਅਤੇ ਮੈਂ **ਤੁਹਾਨੂੰ ਨਵਾਂ ਦਿਲ ਦਿਆਂਗਾ** ਅਤੇ **ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ** ਅਤੇ ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ। (27) ਅਤੇ **ਮੈਂ ਆਪਣਾ ਆਤਮਾ ਤੁਹਾਡੇ ਵਿੱਚ ਦਿਆਂਗਾ** ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ ਅਤੇ ਤੁਸੀਂ ਮੇਰੇ ਨਿਆਂਵਾਂ ਦੀ ਪਾਲਨਾ ਕਰੋਗੇ ਅਤੇ ਉਨ੍ਹਾਂ ਤੇ ਅਮਲ ਕਰੋਗੇ।

## ❖ ਪਵਿੱਤਰ ਆਤਮਾ ਹਰੇਕ ਵਿਸ਼ਵਾਸੀ ਦੇ "**ਅੰਦਰ**" ਹੈ

ਰੋਮੀਆਂ 8:9-11 ਪਰ ਤੁਸੀਂ ਸਰੀਰਕ ਨਹੀਂ ਸਗੋਂ ਆਤਮਕ ਹੋ ਪਰ ਤਦੇ ਜੇ **ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੋਵੇ** ਪਰੰਤੂ ਜਿਹ ਦੇ ਵਿੱਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਓਹ ਦਾ ਨਹੀਂ ਹੈ। (10) ਪਰ ਜੇ ਮਸੀਹ **ਤੁਹਾਡੇ ਵਿੱਚ** ਹੈ ਤਾਂ ਦੇਹੀ ਪਾਪ ਦੇ ਕਾਰਨ ਮਰ ਗਈ ਪਰ ਆਤਮਾ ਧਰਮ ਦੇ ਕਾਰਨ ਜੀਵਤ ਹੈ। (11) ਅਤੇ ਜੇ ਉਹ ਦਾ ਆਤਮਾ ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤੁਹਾਡੇ **ਵਿੱਚ** ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ **ਵਿੱਚ** ਵੱਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ।

❖ ਉਨ੍ਹਾਂ ਦੇ **ਉੱਤੇ** ਪਵਿੱਤਰ ਆਤਮਾ:

**ਲੂਕਾ 24:47** ਅਤੇ ਯਰੂਸ਼ਲਮ ਤੋਂ ਲੈ ਕੇ ਸਾਰੀਆਂ ਕੌਮਾਂ ਵਿੱਚ ਉਹ ਦੇ ਨਾਮ ਉੱਤੇ ਤੋਬਾ ਅਰ ਪਾਪਾਂ ਦੀ ਮਾਫ਼ੀ ਦਾ **ਪਰਚਾਰ ਕੀਤਾ** ਜਾਵੇਗਾ।

ਉਨ੍ਹਾਂ ਨੂੰ ਮਹਾਨ ਆਗਿਆ ਦਿੱਤੀ ਗਈ

**ਲੂਕਾ 24:49** ਅਤੇ ਵੇਖੋ ਮੈਂ ਆਪਣੇ ਪਿਤਾ ਦਾ **ਕਰਾਰ ਤੁਹਾਡੇ ਉੱਤੇ ਘੱਲਦਾ ਹਾਂ** ਪਰ **ਜਦ ਤੀਕੁਰ** ਤੁਸੀਂ ਉੱਪਰੋਂ **ਸ਼ਕਤੀ ਨਾ ਪਾਓ** ਸ਼ਹਿਰ ਵਿੱਚ ਰਹੋ।

- ਉਨ੍ਹਾਂ ਨੇ ਨਵਾਂ ਜਨਮ ਪਾ ਲਿਆ
- ਉਨ੍ਹਾਂ ਨੂੰ ਮਹਾਨ ਆਦੇਸ਼ ਦਿੱਤਾ ਗਿਆ...ਪਰ
- ਉਹ ਸੇਵਾ ਲਈ ਤਿਆਰ ਨਹੀਂ ਸਨ
- ਉਨ੍ਹਾਂ ਨੂੰ ਮਸਹ / ਬਪਤਿਸਮਾ / ਸ਼ਕਤੀ ਪ੍ਰਾਪਤ ਨਹੀਂ ਹੋਈ ਸੀ

ਰਸੂਲਾਂ ਦੇ ਕਰਤੱਬ ਦੀ ਪੁਸਤਕ ਕਿਸ ਨੇ ਲਿਖੀ? – ਡਾ. ਲੂਕਾ ਨੇ – ਸੋ ਅਸੀਂ ਰਸੂਲਾਂ ਦੀ ਪੁਸਤਕ ਵਿੱਚੋਂ ਪੜ੍ਹਨਾ ਜਾਰੀ ਰੱਖ ਸਕਦੇ ਹਾਂ।

**ਰਸੂਲਾਂ 1:1-5** ਹੇ ਥਿਉਫ਼ਿਲੁਸ, ਮੈਂ ਉਹ ਪਹਿਲੀ ਪੋਥੀ ਉਨ੍ਹਾਂ ਸਾਰੀਆਂ ਗੱਲਾਂ ਦੇ ਵਿਖੇ ਉਚਰੀ ਜਿਹੜੀਆਂ ਯਿਸੂ ਕਰਨ ਅਤੇ ਸਿਖਾਉਣ ਲੱਗਾ। (2) ਉਸ ਦਿਨ ਤੀਕੁਰ ਕਿ ਉਹ ਉਨ੍ਹਾਂ ਰਸੂਲਾਂ ਨੂੰ ਜਿਹੜੇ ਉਸ ਨੇ ਚੁਣੇ ਸਨ ਪਵਿੱਤਰ ਆਤਮਾ ਦੇ ਰਾਹੀਂ ਹੁਕਮ ਦੇ ਕੇ ਉਤਾਹਾਂ ਉਠਾ ਲਿਆ ਗਿਆ। (3) ਉਸ ਨੇ ਆਪਣੇ ਦੁੱਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ ਬਹੁਤਿਆਂ ਪਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ ਕਿ ਉਹ **ਚਾਹਲੀਆਂ ਦਿਨਾਂ** ਤੀਕੁ ਉਨ੍ਹਾਂ ਨੂੰ ਦਰਸ਼ਣ ਦਿੰਦਾ ਅਤੇ ਪਰਮੇਸ਼ਰ ਦੇ ਰਾਜ ਦੀਆਂ ਗੱਲਾਂ ਕਰਦਾ ਰਿਹਾ।

❖ **ਚਾਲ੍ਹੀਆਂ ਦਿਨਾਂ ਦਾ ਇੱਕ ਬਾਈਬਲ ਸਕੂਲ!** ਉਹ ਯਿਸੂ ਦੇ ਨਾਲ ਤਿੰਨ ਵਰ੍ਹਿਆਂ ਤੱਕ ਰਹੇ ਸਨ, ਪਰ ਕੇਵਲ ਹੁਣ ਹੀ ਉਹ ਸਮਝ ਸਕਦੇ ਸਨ ਕਿ ਪਵਿੱਤਰ ਆਤਮਾ ਉਨ੍ਹਾਂ ਦੇ **ਅੰਦਰ** ਸੀ।

(4) ਅਰ ਉਨ੍ਹਾਂ ਦੇ ਨਾਲ ਇਕੱਠੇ ਹੋ ਕੇ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ ਯਰੂਸ਼ਲਮ ਤੋਂ ਬਾਹਰ ਨਾ ਜਾਓ ਪਰ ਪਿਤਾ ਦੇ ਉਸ **ਕਰਾਰ** ਦੀ ਉਡੀਕ ਵਿੱਚ ਰਹੋ ਜਿਹ ਦੇ ਵਿਖੇ ਤੁਸਾਂ ਮੈਥੋਂ ਸੁਣਿਆ। (5) ਕਿਉਂ ਜੋ ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਥੋੜੇ ਦਿਨਾਂ ਪਿੱਛੋਂ **ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ।**

**ਰਸੂਲਾਂ 1:8** ਪਰ ਜਾਂ ਪਵਿੱਤਰ ਆਤਮਾ ਤੁਹਾਡੇ **ਉੱਤੇ** ਆਵੇਗਾ ਤਾਂ ਤੁਸੀਂ **ਸ਼ਕਤੀ** ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।

❖ ਨਤੀਜੇ ਅਤੇ ਵਿਆਖਿਆ

**ਰਸੂਲਾਂ 2:1-13** ਜਾਂ ਪੰਤੇਕੁਸਤ ਦਾ ਦਿਨ ਆਇਆ ਓਹ ਸਭ ਇੱਕ ਥਾਂ ਇਕੱਠੇ ਸਨ। (2) ਅਰ ਅਚਾਨਕ ਅਕਾਸ਼ ਤੋਂ ਗੂੰਜ ਆਈ ਜਿਹੀ ਵੱਡੀ ਭਾਰੀ **ਅਨ੍ਹੇਰੀ** ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਓਹ ਬੈਠੇ ਸਨ ਭਰ ਗਿਆ। (3) ਅਰ ਉਨ੍ਹਾਂ ਨੂੰ **ਅੱਗ** ਜਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਓਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ। (4) ਤਦ ਓਹ ਸੱਭੇ ਪਵਿੱਤਰ ਆਤਮਾ ਨਾਲ **ਭਰ ਗਏ** ਅਤੇ **ਹੋਰ ਬੋਲੀਆਂ ਬੋਲਣ ਲੱਗ ਪਏ** ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ। (5) **ਹਰੇਕ ਦੇਸ** ਵਿੱਚੋਂ ਜੋ ਅਕਾਸ਼ ਦੇ ਹੇਠ ਹੈ ਯਹੂਦੀ ਭਗਤ ਲੋਕ ਯਰੂਸ਼ਲਮ ਵਿੱਚ ਵੱਸਦੇ ਸਨ। (6) ਸੋ ਜਾਂ ਇਹ ਅਵਾਜ਼ ਆਈ ਤਾਂ ਭੀੜ ਲੱਗ ਗਈ ਅਤੇ ਲੋਕ ਹੱਕੇ ਬੱਕੇ ਰਹਿ ਗਏ ਕਿਉਂ ਜੋ ਹਰੇਕ ਨੇ **ਉਨ੍ਹਾਂ ਨੂੰ ਆਪਣੀ ਆਪਣੀ ਬੋਲੀ ਬੋਲਦੇ ਸੁਣਿਆ**। (7) ਓਹ ਅਚਰਜ ਰਹਿ ਗਏ ਅਰ ਹੈਰਾਨ ਹੋਕੇ ਕਹਿਣ ਲੱਗੇ, ਵੇਖੋ ਏਹ ਸਭ ਜਿਹੜੇ ਬੋਲਦੇ ਹਨ ਕੀ ਗਲੀਲੀ ਨਹੀਂ? (8) ਫੇਰ ਕਿੱਕੁਰ ਹਰੇਕ ਸਾਡੇ ਵਿੱਚੋਂ ਆਪੋ ਆਪਣੀ ਜਨਮ ਭੂਮ ਦੀ ਭਾਖਿਆ ਸੁਣਦਾ ਹੈ? (11) ਅਤੇ ਕਰੇਤੀ ਅਤੇ ਅਰਬੀ ਹਾਂਗੇ ਉਨ੍ਹਾਂ ਨੂੰ **ਆਪਣੀ ਆਪਣੀ ਭਾਖਿਆ ਵਿੱਚ** ਪਰਮੇਸ਼ੁਰ ਦੇ ਵੱਡੇ ਵੱਡੇ ਕੰਮਾਂ ਦਾ ਵਖਾਣ ਕਰਦਿਆਂ ਸੁਣਦੇ ਹਾਂ!

❖ ਤਿੰਨ ਪ੍ਰਕਾਰ ਦੀ ਪਰਾਈ ਭਾਖਿਆ:

1. ਅਜਿਹੀ ਭਾਸ਼ਾ, ਜਿਸ ਨੂੰ ਤੁਸੀਂ ਨਹੀਂ ਜਾਣਦੇ, ਬੋਲਣ ਦਾ ਚਮਤਕਾਰ।

**1 ਕੁਰਿੰਥੀਆਂ 14:21-22** ਸ਼ਰਾ ਵਿੱਚ ਲਿਖਿਆ ਹੋਇਆ ਹੈ ਜੋ ਪ੍ਰਭੁ ਆਖਦਾ ਹੈ ਭਈ **ਮੈਂ ਪਰਾਈਆਂ ਭਾਖਿਆਂ ਦੇ ਬੋਲਣ ਵਾਲਿਆਂ ਅਤੇ ਓਪਰਿਆਂ ਦਿਆਂ ਬੁੱਲ੍ਹਾਂ ਦੇ ਰਾਹੀਂ ਇਨ੍ਹਾਂ ਲੋਕਾਂ ਨਾਲ ਬੋਲਾਂਗਾ...** (22) ਸੋ **ਪਰਾਈਆਂ ਭਾਖਿਆਂ** ਨਿਹਚਾਵਾਨਾਂ ਲਈ ਨਹੀਂ ਸਗੋਂ **ਨਿਹਚਾਹੀਣਾਂ ਲਈ ਇੱਕ ਨਿਸ਼ਾਨੀ ਦੇ ਲਈ ਹਨ**

- ਪੰਤੇਕੁਸਤ ਦੇ ਦਿਨ ਇਹੋ ਹੋਇਆ। ਰਸੂਲਾਂ 2:4-11

2. ਤੁਹਾਡੇ ਅੰਦਰ ਰਹਿਣ ਵਾਲੇ ਪਵਿੱਤਰ ਆਤਮਾ ਵੱਲੋਂ ਯਿਸੂ ਅੱਗੇ ਪ੍ਰਾਰਥਨਾ ਕਰਨ ਦੀ ਇੱਕ ਭਾਸ਼ਾ।

**1 ਕੁਰਿੰਥੀਆਂ 14:2** ਜਿਹੜਾ ਪਰਾਈ ਭਾਖਿਆ ਬੋਲਦਾ ਹੈ ਉਹ ਮਨੁੱਖਾਂ ਨਾਲ ਨਹੀਂ ਸਗੋਂ **ਪਰਮੇਸ਼ੁਰ ਨਾਲ ਬੋਲਦਾ ਹੈ** ਇਸ ਲਈ ਕਿ ਕੋਈ ਨਹੀਂ ਸਮਝਦਾ ਹੈ ਪਰ ਉਹ ਆਤਮਾ ਵਿੱਚ ਭੇਤ ਦੀਆਂ ਗੱਲਾਂ ਕਰਦਾ ਹੈ।

**1 ਕੁਰਿੰਥੀਆਂ 14:4** ਜਿਹੜਾ ਪਰਾਈ ਭਾਖਿਆ ਬੋਲਦਾ ਹੈ **ਉਹ ਆਪ ਹੀ ਲਾਭ ਲੈਂਦਾ ਹੈ**।

**ਯਹੂਦਾਹ 20** ਵੀ ਇਹੋ ਆਖਦਾ ਹੈ: ਪਰ ਤੁਸੀਂ ਹੇ ਪਿਆਰਿਓ, **ਆਪਣੇ ਆਪ ਨੂੰ** ਆਪਣੀ ਅੱਤ ਪਵਿੱਤਰ ਨਿਹਚਾ ਉੱਤੇ **ਉਸਾਰੀ ਜਾਓ** ਅਤੇ ਪਵਿੱਤਰ ਆਤਮਾ ਵਿੱਚ ਪ੍ਰਾਰਥਨਾ ਕਰਦੇ ਹੋਏ।

**1 ਕੁਰਿੰਥੀਆਂ 14:14-15** ਜੇ ਮੈਂ ਪਰਾਈ ਭਾਖਿਆ ਵਿੱਚ ਪ੍ਰਾਰਥਨਾ ਕਰਾਂ ਤਾਂ **ਮੇਰਾ ਆਤਮਾ ਪ੍ਰਾਰਥਨਾ ਕਰਦਾ ਹੈ** ਪਰ ਮੇਰੀ **ਸਮਝ ਨਿਸਫਲ** ਹੈ। (15) ਫੇਰ ਗੱਲ ਕੀ ਹੈ? ਮੈਂ ਤਾਂ ਆਤਮਾ ਨਾਲ ਪ੍ਰਾਰਥਨਾ ਕਰਾਂਗਾ ਅਤੇ ਸਮਝ ਨਾਲ ਵੀ ਪ੍ਰਾਰਥਨਾ ਕਰਾਂਗਾ। ਮੈਂ ਆਤਮਾ ਨਾਲ ਗਾਵਾਂਗਾ ਅਤੇ ਸਮਝ ਨਾਲ ਵੀ ਗਾਵਾਂਗਾ।

**ਰੋਮੀਆਂ 8:26-27** ਇਸ ਤਰਾਂ ਆਤਮਾ ਵੀ ਸਾਡੀ ਦੁਰਬਲਤਾਈ ਵਿੱਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ **ਆਤਮਾ ਆਪ** ਅਕੱਥ *ਹਾਹੁਕੇ ਭਰ ਕੇ **ਸਾਡੇ ਲਈ ਸਫ਼ਾਰਸ਼ ਕਰਦਾ ਹੈ।** (27) ਅਤੇ ਹਿਰਦਿਆਂ ਦਾ ਜਾਚਣ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ ਕਿਉਂ ਜੋ **ਉਹ ਪਰਮੇਸ਼ਰ ਦੀ ਇੱਛਿਆ ਦੇ ਅਨੁਸਾਰ ਸੰਤਾਂ ਦੇ ਲਈ ਸਫ਼ਾਰਸ਼ ਕਰਦਾ ਹੈ।** (*ਯੂਨਾਨੀ ਸ਼ਬਦ ਦਾ ਸ਼ਾਬਦਿਕ ਅਰਥ ਹੈ: ਹਉਕੇ ਭਰਨਾ, ਬੁੜਬੁੜਾਉਣਾ ਜਾਂ ਉਦਾਸ ਮਨ ਨਾਲ ਅੰਦਰੇ ਅੰਦਰ ਪ੍ਰਾਰਥਨਾ ਕਰਨਾ।)

ਇਹ ਇੱਕ ਜ਼ਰੂਰੀ ਅਤੇ ਮਹੱਤਵਪੂਰਨ ਦਾਤ ਹੈ ਅਤੇ ਇਸੇ ਕਰਕੇ ਪੌਲੁਸ ਨੇ ਆਖਿਆ:

**1 ਕੁਰਿੰਥੀਆਂ 14:18** ਮੈਂ ਪਰਮੇਸ਼ਰ ਦਾ ਧੰਨਵਾਦ ਕਰਦਾ ਹਾਂ ਜੋ ਮੈਂ ਤੁਸਾਂ ਸਭਨਾਂ ਨਾਲੋਂ ਵਧੀਕ ਪਰਾਈਆਂ ਭਾਖਿਆਂ ਬੋਲਦਾ ਹਾਂ।

**1 ਕੁਰਿੰਥੀਆਂ 14:5** ਹੁਣ ਮੈਂ ਚਾਹੁੰਦਾ ਹਾਂ ਜੋ ਤੁਸੀਂ ਸੱਭੇ ਪਰਾਈਆਂ ਭਾਖਿਆਂ ਬੋਲੋ

ਅਤੇ ਤੁਸੀਂ ਵੀ ਕਰ ਸਕਦੇ ਹੋ! ਚੇਤੇ ਰੱਖੋ: ਹੋਰ ਬੋਲੀਆਂ **ਬੋਲਣ ਲੱਗ ਪਏ** ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ। (ਰਸੂਲਾਂ 2:4) **ਤੁਹਾਨੂੰ ਕੇਵਲ ਐਨਾ ਕਰਨਾ ਹੈ**: ਆਪਣਾ ਮੂੰਹ ਖੋਲ੍ਹੋ ਅਤੇ ਆਪਣੀ ਜ਼ੁਬਾਨ 'ਤੇ ਹਵਾ ਲਿਆਓ ਪਰ ਪੰਜਾਬੀ ਜਾਂ ਕਿਸੇ ਹੋਰ ਭਾਸ਼ਾ ਵਿੱਚ ਨਾ ਬੋਲੋ। ਪਵਿੱਤਰ ਆਤਮਾ ਤੁਹਾਨੂੰ ਤੁਹਾਡੀ ਪ੍ਰਾਰਥਨਾ ਦੀ ਭਾਸ਼ਾ ਦੇ ਦੇਵੇਗਾ।

3. ਨਬੂਵਤ ਦੀ ਭਾਸ਼ਾ ਵਿਆਖਿਆ ਦੇ ਨਾਲ

**1 ਕੁਰਿੰਥੀਆਂ 14:5** ਹੁਣ ਮੈਂ ਚਾਹੁੰਦਾ ਹਾਂ ਜੋ ਤੁਸੀਂ ਸੱਭੇ ਪਰਾਈਆਂ ਭਾਖਿਆਂ ਬੋਲੋ ਪਰ ਇਸ ਤੋਂ ਵਧੀਕ ਇਹ, ਜੋ ਤੁਸੀਂ ਅਗੰਮ ਵਾਕ ਕਰੋ। ਜਿਹੜਾ ਪਰਾਈਆਂ ਭਾਖਿਆਂ ਬੋਲਣ ਵਾਲਾ ਹੈ **ਜੇਕਰ ਉਹ ਅਰਥ ਨਾ ਕਰੇ ਜਿਸ ਤੋਂ ਕਲੀਸਿਯਾ ਲਾਭ ਉਠਾਵੇ** ਤਾਂ ਅਗੰਮ ਵਾਕ ਕਰਨ ਵਾਲਾ ਉਸ ਨਾਲੋਂ ਉੱਤਮ ਹੈ।

**1 ਕੁਰਿੰਥੀਆਂ 14:26-28** ਸੋ ਭਰਾਵੋ, ਗੱਲ ਕੀ ਹੈ? **ਜਾਂ ਤੁਸੀਂ ਇਕੱਠੇ ਹੁੰਦੇ ਹੋ ਤਾਂ** ਕਿਸੇ ਦੇ ਕੋਲ ਭਜਨ, ਕਿਸੇ ਦੇ ਕੋਲ ਸਿੱਖਿਆ, ਕਿਸੇ ਦੇ ਕੋਲ ਅਗੰਮ ਗਿਆਨ, ਕਿਸੇ ਦੇ ਕੋਲ **ਪਰਾਈ ਭਾਖਿਆ**, ਕਿਸੇ ਦੇ ਕੋਲ **ਅਰਥ** ਹੈ। ਸੱਭੋ ਕੁਝ ਲਾਭ ਦੇ ਲਈ ਹੋਣਾ ਚਾਹੀਦਾ ਹੈ। (27) **ਜੇ** ਕੋਈ ਪਰਾਈ ਭਾਖਿਆ ਬੋਲੇ ਤਾਂ ਦੋ ਦੋ ਅਥਵਾ ਵੱਧ ਤੋਂ ਵੱਧ ਤਿੰਨ ਤਿੰਨ ਕਰਕੇ ਬੋਲਣ ਸੋ ਭੀ ਵਾਰੋ ਵਾਰੀ ਅਤੇ **ਇੱਕ ਜਣਾ ਅਰਥ ਕਰੇ।** (28) ਪਰ ਜੇ ਕੋਈ ਅਰਥ ਕਰਨ ਵਾਲਾ ਨਾ ਹੋਵੇ ਤਾਂ **ਉਹ ਕਲੀਸਿਯਾ ਵਿੱਚ ਚੁੱਪ ਕਰ ਰਹੇ** ਅਤੇ ਆਪਣੇ ਨਾਲ ਅਤੇ ਪਰਮੇਸ਼ਰ ਨਾਲ ਬੋਲੇ।

- ਪਤਰਸ ਦਾ ਸੰਦੇਸ਼:

**ਰਸੂਲਾਂ 2:14-18** ਤਦ ਪਤਰਸ ਉਨ੍ਹਾਂ ਗਿਆਰਾਂ ਦੇ ਨਾਲ ਖੜੋ ਕੇ ਉੱਚੀ ਅਵਾਜ਼ ਨਾਲ ਆਖਣ ਲੱਗਾ...**ਏਹ ਉਹ ਗੱਲ ਹੈ ਜੋ** ਯੋਏਲ ਨਬੀ ਦੀ ਜਬਾਨੀ ਕਹੀ ਗਈ ਸੀ: (ਯੋਏਲ 2:28) ... ਅੰਤ ਦੇ ਦਿਨਾਂ ਵਿੱਚ ਐਉਂ ਹੋਵੇਗਾ, ਜੋ **ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸਰੀਰਾਂ ਉੱਤੇ ਵਹਾ ਦਿਆਂਗਾ**, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ **ਅਗੰਮ ਵਾਕ ਕਰਨਗੇ**, ਅਤੇ ਤੁਹਾਡੇ ਜੁਆਨ **ਦਰਸ਼ਣ ਵੇਖਣਗੇ**, ਅਤੇ ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ। ਹਾਂ, ਮੈਂ ਆਪਣੇ ਦਾਸਾਂ ਅਤੇ ਆਪਣੀਆਂ ਦਾਸੀਆਂ ਉੱਤੇ ਉਨ੍ਹੀਂ ਦਿਨੀਂ ਆਪਣੇ ਆਤਮਾ ਵਿੱਚੋਂ ਵਹਾ ਦਿਆਂਗਾ, ਅਰ ਓਹ ਅਗੰਮ ਵਾਕ ਕਰਨਗੇ (ਪ੍ਰੇਰਣਾ ਨਾਲ ਬੋਲਣਾ)।

**ਰਸੂਲਾਂ 2:33, 37-39** (33) ਸੋ ਪਰਮੇਸ਼ਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ ਕੇ ਅਰ **ਪਿਤਾ ਤੋਂ** ਪਵਿੱਤਰ ਆਤਮਾ **ਦਾ ਕਰਾਰ ਪਾ ਕੇ** ਉਸ ਨੇ ਇਹ ਜੋ ਤੁਸੀਂ **ਵੇਖਦੇ ਅਤੇ ਸੁਣਦੇ ਹੋ** ਵਹਾ ਦਿੱਤਾ। (37) ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ **ਅਸੀਂ ਕੀ ਕਰੀਏ?** (38) ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, **ਤੋਬਾ ਕਰੋ** ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ **ਬਪਤਿਸਮਾ ਲਵੇ** ਤਾਂ ਪਵਿੱਤਰ ਆਤਮਾ ਦਾ ਦਾਨ **ਪਾਓਗੇ**। (39) ਕਿਉਂਕਿ **ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ਰ ਆਪਣੇ ਕੋਲ ਬੁਲਾਵੇ**।

**ਰਸੂਲਾਂ 4:8** ਤਦੋਂ ਪਤਰਸ ਨੇ **ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ** ਉਨ੍ਹਾਂ ਨੂੰ ਆਖਿਆ

**ਰਸੂਲਾਂ 4:31** ਜਦ ਓਹ ਬੇਨਤੀ ਕਰ ਹਟੇ ਤਾਂ ਉਹ ਥਾਂ ਜਿੱਥੇ ਓਹ ਇਕੱਠੇ ਹੋਏ ਸਨ ਹਿੱਲ ਗਿਆ ਅਤੇ **ਸੱਭੋ ਪਵਿੱਤਰ ਆਤਮਾ ਨਾਲ ਭਰਪੂਰ ਹੋ ਗਏ** ਅਰ ਪਰਮੇਸ਼ਰ ਦਾ ਬਚਨ **ਦਲੇਰੀ ਨਾਲ ਸੁਣਾਉਣ ਲੱਗੇ।**
**ਰਸੂਲਾਂ 4:33** ਅਤੇ ਰਸੂਲ **ਵੱਡੀ ਸ਼ਕਤੀ** ਨਾਲ **ਪ੍ਰਭੂ** ਯਿਸੂ ਦੇ ਜੀ ਉੱਠਣ ਦੀ ਸਾਖੀ ਦਿੰਦੇ ਸਨ ਅਰ ਉਨ੍ਹਾਂ ਸਭਨਾਂ **ਉੱਤੇ ਵੱਡੀ ਕਿਰਪਾ ਸੀ।**

**ਰਸੂਲਾਂ 6:3** ਸੋ ਭਾਈਓ ਆਪਣੇ ਵਿੱਚੋਂ ਸੱਤ ਨੇਕ ਨਾਮ ਆਦਮੀਆਂ ਨੂੰ ਜਿਹੜੇ **ਆਤਮਾ** ਅਤੇ **ਬੁੱਧ ਨਾਲ ਭਰਪੂਰ** ਹੋਣ ਚੁਣ ਲਓ ਭਈ ਅਸੀਂ ਓਹਨਾਂ ਨੂੰ ਇਸ ਕੰਮ ਉੱਤੇ ਠਹਿਰਾਈਏ।

ਡੀਕਨ ਨੂੰ ਜਾਂ ਕਿਸੇ ਨੂੰ ਵੀ ਸੇਵਾ ਲਈ ਚੁਣਨ ਵਾਸਤੇ ਇਹ ਹਿਦਾਇਤ ਹੈ: "ਆਤਮਾ ਨਾਲ ਭਰਪੂਰ ਹੋਵੇ।" ਜਿਵੇਂ ਕਿ ਕੂਚ 30:22-23 ਵਿੱਚ ਅਤੇ ਹੇਠਾਂ ਵਿਖਾਇਆ ਗਿਆ ਹੈ, ਇਸ ਮਸਹ ਜ਼ਰੂਰੀ ਹੈ।

**ਰਸੂਲਾਂ 6:5** . . . ਉਨ੍ਹਾਂ ਨੇ ਇਸਤੀਫ਼ਾਨ ਨਾਮੇ ਇੱਕ ਪੁਰਸ਼ ਨੂੰ ਜਿਹੜਾ ਨਿਹਚਾ ਅਰ **ਪਵਿੱਤਰ ਆਤਮਾ ਨਾਲ ਭਰਪੂਰ** ਸੀ ਅਰ ਫਿਲਿੱਪੁਸ ਅਰ ਪ੍ਰੋਖੋਰੁਸ ਅਰ ਨਿਕਾਨੋਰ ਅਰ ਤੀਮੋਨ ਅਰ ਪਰਮਨਾਸ ਅਰ ਨਿਕਲਾਉਸ ਨੂੰ ਜੋ ਅੰਤਾਕਿਯਾ ਦਾ ਇੱਕ ਯਹੂਦੀ-ਮੁਰੀਦ ਸੀ ਚੁਣਿਆ।

**ਰਸੂਲਾਂ 6:8** ਇਸਤੀਫ਼ਾਨ **ਕਿਰਪਾ ਅਰ ਸ਼ਕਤੀ ਨਾਲ ਭਰਪੂਰ ਹੋ ਕੇ ਵੱਡੇ ਅਚੰਭੇ ਅਤੇ ਨਿਸ਼ਾਨ** ਲੋਕਾਂ ਦੇ ਵਿੱਚ ਕਰਦਾ ਸੀ।

❖ ਦੂਜਿਆਂ **ਉੱਤੇ** ਪਵਿੱਤਰ ਆਤਮਾ ਉੱਤਰਿਆ

- ਸਾਮਰਿਯਾ ਵਿੱਚ ਫਿਲਿੱਪੁਸ:

  **ਰਸੂਲਾਂ 8:4-6** ਸੋ ਜਿਹੜੇ ਖਿੰਡ ਗਏ ਸਨ ਬਚਨ ਦੀ ਖੁਸ਼ ਖਬਰੀ ਸੁਣਾਉਂਦੇ ਫਿਰੇ। ਅਤੇ ਫ਼ਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪਰਚਾਰ ਕੀਤਾ। ਅਤੇ ਜਾਂ ਲੋਕਾਂ ਨੇ **ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ** ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ **ਗੱਲਾਂ ਉੱਤੇ ਚਿੱਤ ਲਾਇਆ।**

  **ਰਸੂਲਾਂ 8:12** ਪਰ ਜਾਂ ਉਨ੍ਹਾਂ ਨੇ **ਫ਼ਿਲਿੱਪੁਸ ਦੀ ਪਰਤੀਤ ਕੀਤੀ** ਜੋ ਪਰਮੇਸ਼ਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ **ਖੁਸ਼ ਖਬਰੀ** ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਇਸਤਰੀਆਂ **ਬਪਤਿਸਮਾ ਲੈਣ ਲੱਗੇ।**

**ਰਸੂਲਾਂ 8:14-17** ਜਾਂ ਰਸੂਲਾਂ ਨੇ ਜਿਹੜੇ ਯਰੂਸ਼ਲਮ ਵਿੱਚ ਸਨ ਇਹ ਸੁਣਿਆ ਭਈ ਸਾਮਰਿਯਾ ਨੇ **ਪਰਮੇਸ਼ਰ ਦਾ ਬਚਨ ਮੰਨ ਲਿਆ ਹੈ** ਤਾਂ ਪਤਰਸ ਅਤੇ ਯੂਹੰਨਾ ਨੂੰ ਉਨ੍ਹਾਂ ਦੇ ਕੋਲ ਘੱਲਿਆ। ਓਹਨਾਂ ਜਾ ਕੇ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ ਭਈ **ਓਹ ਪਵਿੱਤਰ ਆਤਮਾ ਪਾਉਣ**। ਕਿਉਂ ਜੋ **ਉਹ ਅਜੇ ਤੀਕੁਰ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉਤਰਿਆ ਸੀ** ਪਰ ਉਨ੍ਹਾਂ ਨਿਰਾ ਪ੍ਰਭੁ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਿਆ ਸੀ। ਤਦ ਇਨ੍ਹਾਂ ਨੇ **ਉਨ੍ਹਾਂ ਉੱਤੇ ਹੱਥ ਰੱਖੇ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ**।

- ਸੌਲੁਸ ਦਾ ਜੀਵਨ ਪਰਿਵਰਤਨ: ਰਸੂਲਾਂ 9:17

  ਤਦ ਹਨਾਨਿਯਾਹ ਚੱਲਿਆ ਗਿਆ ਅਤੇ ਉਸ ਘਰ ਵਿੱਚ ਜਾ ਵੜਿਆ ਅਰ **ਉਸ ਤੇ ਹੱਥ ਰੱਖ ਕੇ** ਬੋਲਿਆ, ਹੇ ਭਾਈ ਸੌਲੁਸ, ਪ੍ਰਭੁ ਅਰਥਾਤ ਯਿਸੂ ਨੇ ਜੋ ਤੈਨੂੰ ਉਸ ਰਾਹ ਵਿੱਚ ਜਿਸ ਤੋਂ ਤੂੰ ਆਇਆ ਸੀ ਵਿਖਾਈ ਦਿੱਤਾ ਮੈਨੂੰ ਘੱਲਿਆ ਹੈ ਭਈ **ਤੂੰ ਸੁਜਾਖਾ ਹੋ ਜਾਵੇਂ ਅਰ ਪਵਿੱਤਰ ਆਤਮਾ ਨਾਲ ਭਰ ਜਾਵੇਂ**।

- ਕੁਰਨੇਲਿਯੁਸ ਦਾ ਜੀਵਨ ਪਰਿਵਰਤਨ: ਰਸੂਲਾਂ 10:44-48

  ਪਤਰਸ ਏਹ ਗੱਲਾਂ ਕਰਦਾ ਹੀ ਸੀ ਕਿ **ਪਵਿੱਤਰ ਆਤਮਾ** ਬਚਨ ਦੇ **ਸਭਨਾਂ** ਸੁਣਨ ਵਾਲਿਆਂ **ਤੇ ਉਤਰਿਆ**। ਅਰ ਸੁੰਨਤ ਕੀਤੇ ਹੋਏ ਨਿਹਚਾਵਾਨ ਜਿੰਨੇ ਪਤਰਸ ਦੇ ਨਾਲ ਆਏ ਸਨ ਸਭ ਦੰਗ ਹੋ ਗਏ ਜੋ ਪਰਾਈਆਂ ਕੌਮਾਂ ਦੇ ਲੋਕਾਂ **ਉੱਤੇ ਵੀ ਪਵਿੱਤਰ ਆਤਮਾ ਦੀ ਦਾਤ ਵਹਾਈ ਗਈ**। ਕਿਉਂ ਜੋ ਉਨ੍ਹਾਂ ਨੇ ਓਹਨਾਂ ਨੂੰ **ਬੋਲੀਆਂ ਬੋਲਦੇ** ਅਤੇ ਪਰਮੇਸ਼ਰ ਦੀ ਵਡਿਆਈ ਕਰਦੇ ਸੁਣਿਆ। ਤਦ ਪਤਰਸ ਨੇ ਅੱਗੋਂ ਆਖਿਆ, ਕੀ ਕੋਈ ਪਾਣੀ ਨੂੰ ਰੋਕ ਸੱਕਦਾ ਹੈ ਕਿ ਏਹਨਾਂ ਲੋਕਾਂ ਨੂੰ ਜਿਨ੍ਹਾਂ **ਸਾਡੇ ਵਾਂਙੁ ਪਵਿੱਤਰ ਆਤਮਾ ਪਾਇਆ ਹੈ** ਬਪਤਿਸਮਾ ਨਾ ਦਿੱਤਾ ਜਾਵੇ? ਅਤੇ ਉਸ ਨੇ ਹੁਕਮ ਕੀਤਾ ਕਿ ਓਹਨਾਂ ਨੂੰ ਯਿਸੂ ਮਸੀਹ ਦੇ ਨਾਮ ਉੱਤੇ **ਬਪਤਿਸਮਾ ਦਿੱਤਾ** ਜਾਵੇ।

- ਅਫਸੁਸ ਵਿੱਚ ਪੌਲੁਸ: ਰਸੂਲਾਂ 19:1-6

ਇਉਂ ਹੋਇਆ ਕਿ ਜਾਂ ਅਪੁੱਲੋਸ ਕੁਰਿੰਥੁਸ ਵਿੱਚ ਸੀ ਤਾਂ ਪੌਲੁਸ ਉੱਪਰਲੇ ਇਲਾਕਿਆਂ ਵਿੱਚੋਂ ਦੀ ਲੰਘ ਕੇ ਅਫ਼ਸੁਸ ਨੂੰ ਆਇਆ। ਅਤੇ ਕਈਆਂ ਚੇਲਿਆਂ ਨੂੰ ਲੱਭ ਕੇ ਉਨ੍ਹਾਂ ਨੂੰ ਆਖਿਆ, **ਜਾਂ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?** ਉਨ੍ਹਾਂ ਉਸ ਨੂੰ ਕਿਹਾ, ਅਸਾਂ ਤਾਂ ਇਹ ਸੁਣਿਆ ਭੀ ਨਹੀਂ ਪਵਿੱਤਰ ਆਤਮਾ ਹੈਗਾ ਹੈ। ਓਨ ਆਖਿਆ, ਫੇਰ ਤੁਸਾਂ ਕਾਹ ਦਾ ਬਪਤਿਸਮਾ ਲਿਆ? ਓਹ ਬੋਲੇ, ਯੂਹੰਨਾ ਦਾ ਬਪਤਿਸਮਾ। ਉਪਰੰਤ ਪੌਲੁਸ ਨੇ ਕਿਹਾ, ਯੂਹੰਨਾ ਤੋਬਾ ਦਾ ਬਪਤਿਸਮਾ ਦਿੰਦਾ ਅਤੇ ਲੋਕਾਂ ਨੂੰ ਇਹ ਆਖਦਾ ਸੀ ਭਈ ਤੁਸੀਂ ਉਸ ਉੱਤੇ ਜੋ ਮੇਰੇ ਪਿੱਛੇ ਆਉਣ ਵਾਲਾ ਹੈ ਅਰਥਾਤ ਯਿਸੂ ਉੱਤੇ ਨਿਹਚਾ ਕਰੋ। ਇਹ ਸੁਣ ਕੇ **ਉਨ੍ਹਾਂ ਨੇ** ਪ੍ਰਭੁ ਯਿਸੂ ਦੇ ਨਾਮ ਵਿੱਚ **ਬਪਤਿਸਮਾ ਲਿਆ**। ਅਤੇ **ਜਾਂ ਪੌਲੁਸ ਨੇ ਉਨ੍ਹਾਂ ਉੱਤੇ ਹੱਥ ਧਰੇ ਤਾਂ ਪਵਿੱਤਰ ਆਤਮਾ ਉਨ੍ਹਾਂ ਤੇ ਉਤਰਿਆ ਅਰ ਓਹ ਬੋਲੀਆਂ ਬੋਲਣ ਅਤੇ ਅਗੰਮ ਵਾਕ ਕਰਨ ਲੱਗੇ**।

- ਪੌਲੁਸ ਦੀ ਸਿੱਖਿਆ:

**2 ਤਿਮੋਥਿਉਸ 3:5** ਇਸ ਬਾਰੇ ਗੱਲ ਕਰਦਾ ਹੈ: ਭਗਤੀ ਦਾ ਰੂਪ ਧਾਰ ਕੇ ਵੀ **ਉਹ ਦੀ ਸ਼ਕਤੀ ਦੇ ਇਨਕਾਰੀ ਹੋਣਗੇ।**

❖ ਨਿਸ਼ਚਿਤ ਤੌਰ 'ਤੇ ਅਸੀਂ "ਭਗਤੀ ਦਾ ਕੇਵਲ ਰੂਪ" **ਨਹੀਂ** ਧਾਰਨਾ ਚਾਹੁੰਦੇ ਜਾਂ ਪਵਿੱਤਰ ਆਤਮਾ ਦੀ ਭਰਪੂਰੀ ਨਾਲ **ਮਿਲਣ ਵਾਲੀ ਸ਼ਕਤੀ** ਦੇ **ਇਨਕਾਰੀ** ਨਹੀਂ ਹੋਣਾ ਚਾਹੁੰਦੇ ਜੋ ਬਪਤਿਸਮੇ ਅਤੇ ਪਵਿੱਤਰ ਆਤਮਾ ਦੇ ਸਾਡੇ **ਉੱਤੇ** ਆਉਣ ਨਾਲ ਸਾਨੂੰ ਹਾਸਲ ਹੁੰਦੀ ਹੈ।

ਜੇਕਰ ਅਸੀਂ ਐਸਾ ਕਰਦੇ ਹਾਂ . . . ਤਾਂ ਅਸੀਂ ਉਸ ਨੂੰ ਅਤੇ ਉਸ ਸਭ ਨੂੰ ਜੋ ਉਹ ਸਾਡੇ ਦੁਆਰਾ ਕਰ ਸਕਦਾ ਹੈ ਅਤੇ ਕਰਨਾ ਚਾਹੁੰਦਾ ਹੈ, **ਬੁਝਾ ਦਿੰਦੇ ਹਾਂ।**

1. 1 ਥੱਸਲੁਨੀਕੀਆਂ 5:19 ਆਤਮਾ ਨੂੰ ਨਾ **ਬੁਝਾਓ**

❖ ਅਸੀਂ ਪਵਿੱਤਰ ਆਤਮਾ ਨੂੰ **ਇਨਕਾਰ ਕਰਕੇ** ਜਾਂ **"ਨਾਂਹ"** ਆਖ ਕੇ ਉਸ ਨੂੰ **ਬੁਝਾ ਦਿੰਦੇ ਹਾਂ**। ਜੇਕਰ ਅਸੀਂ ਅਗਾਂਹ ਵਧ ਕੇ ਪਾਪ ਲਈ "ਹਾਂ" ਆਖਦੇ ਹਾਂ, ਤਾਂ ਅਸੀਂ ਨਾ ਕੇਵਲ ਉਸ ਨੂੰ **ਬੁਝਾਉਂਦੇ ਹਾਂ** ਸਗੋਂ ਉਸ ਨੂੰ **ਉਦਾਸ** ਵੀ ਕਰਦੇ ਹਾਂ।

2. ਪਰਮੇਸ਼ਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ **ਉਦਾਸ ਨਾ ਕਰੋ**। ਅਫ਼ਸੀਆਂ 4:30

❖ ਜੇਕਰ ਅਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਮਿਲਣ ਵਾਲੀ ਸ਼ਕਤੀ ਦਾ ਇਨਕਾਰ ਕਰਦੇ ਹਾਂ ਤਾਂ ਸਾਡੇ ਜੀਵਨਾਂ ਵਿੱਚ **ਆਤਮਾ ਦਾ ਫਲ** ਜ਼ਿਆਦਾ ਨਹੀਂ, ਸਗੋਂ ਕਦੇ-ਕਦੇ ਹੀ ਵਿਖਾਈ ਦੇਵੇਗਾ।

**ਗਲਾਤੀਆਂ 5:22-25** ਪਰ **ਆਤਮਾ ਦਾ ਫਲ** ਇਹ ਹੈ - ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, (23) ਨਰਮਾਈ, ਸੰਜਮ

- ਪਵਿੱਤਰ ਆਤਮਾ ਦੀ ਭਰਪੂਰੀ ਦਾ ਇੱਕ ਚੰਗਾ ਮਾਪ ਜਾਂ ਨਿਸ਼ਾਨੀ ਇਹ ਹੈ ਕਿ ਸਾਡੇ ਜੀਵਨ ਵਿੱਚ ਉਸ ਦਾ ਫਲ ਕਿੰਨਾ ਹੈ।
- ਅਗਲੀਆਂ ਦੋ ਆਇਤਾਂ ਆਤਮਾ ਦੇ ਫਲ ਦੇ **ਪੂਰੇ ਲਾਭ** ਦੇ ਲਈ **ਜ਼ਰੂਰੀ ਯੋਗਤਾਵਾਂ** ਦੱਸਦੀਆਂ ਹਨ।

(24) ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ **ਸਰੀਰ ਨੂੰ** ਉਹ ਦੀਆਂ ਕਾਮਨਾ ਅਤੇ ਵਿਸ਼ਿਆਂ ਸਣੇ **ਸਲੀਬ ਉੱਤੇ ਚਾੜ੍ਹ ਦਿੱਤਾ।** (25) ਜੇ **ਅਸੀਂ** ਆਤਮਾ ਦੁਆਰਾ ਜੀਉਂਦੇ ਹਾਂ ਤਾਂ **ਆਤਮਾ ਦੁਆਰਾ ਚੱਲੀਏ ਵੀ**।

**ਆਤਮਾਂ ਦੀਆਂ ਦਾਤਾਂ** ਲਈ ਵੀ ਇਹੋ ਚਾਹੀਦਾ ਹੈ। ਉਨ੍ਹਾਂ ਦੇ ਕੰਮ ਕਰਨ ਲਈ – ਪਵਿੱਤਰ ਆਤਮਾ ਦਾ ਬਪਤਿਸਮਾ – ਪਵਿੱਤਰ ਆਤਮਾ ਦੀ ਭਰਪੂਰੀ – **ਲਾਜ਼ਮੀ ਹੈ**।

1 ਕੁਰਿੰਥੀਆਂ 12:7-11 ਪਰ **ਆਤਮਾ ਦਾ ਪਰਕਾਸ਼** ਜੋ ਸਭਨਾਂ ਦੇ ਲਾਭ ਲਈ ਹੈ ਇੱਕ ਇੱਕ ਨੂੰ ਦਿੱਤਾ ਜਾਂਦਾ ਹੈ। (8) ਇੱਕ ਨੂੰ ਤਾਂ ਆਤਮਾ ਦੇ ਰਾਹੀਂ **ਗਿਆਨ ਦੀ ਗੱਲ** ਪਰਾਪਤ ਹੁੰਦੀ ਹੈ ਅਤੇ ਦੂਏ ਨੂੰ ਓਸੇ ਆਤਮਾ ਦੇ ਅਨੁਸਾਰ **ਵਿੱਦਿਆ ਦੀ ਗੱਲ।** (9) ਅਤੇ ਹੋਰ ਕਿਸੇ ਨੂੰ ਓਸੇ ਆਤਮਾ ਤੋਂ **ਨਿਹਚਾ** ਅਤੇ ਹੋਰ ਕਿਸੇ ਨੂੰ ਉਸੇ ਇੱਕੋ ਆਤਮਾ ਤੋਂ **ਨਰੋਇਆਂ ਕਰਨ ਦੀਆਂ ਦਾਤਾਂ।** (10) ਅਤੇ ਹੋਰ ਕਿਸੇ ਨੂੰ **ਕਰਾਮਾਤਾਂ** ਵਿਖਾਉਣ ਦੀ ਸਮਰੱਥਾ ਅਤੇ ਹੋਰ ਕਿਸੇ ਨੂੰ **ਅਗੰਮ ਵਾਕ** ਅਤੇ ਹੋਰ ਕਿਸੇ ਨੂੰ **ਆਤਮਿਆਂ ਦੀ**

**ਪਛਾਣ** ਅਤੇ ਹੋਰ ਨੂੰ ਅਨੇਕ ਪਰਕਾਰ ਦੀਆਂ **ਭਾਸ਼ਾਂ** ਅਤੇ ਹੋਰ ਕਿਸੇ ਨੂੰ **ਭਾਸ਼ਾਂ ਦਾ ਅਰਥ** ਕਰਨਾ। (11) ਪਰ ਉਹ ਇੱਕੋ ਆਤਮਾ ਇਹ ਸਭ ਕੁਝ ਕਰਦਾ ਹੈ ਅਤੇ ਉਹ ਜਿਸ ਤਰਾਂ ਚਾਹੁੰਦਾ ਹੈ ਹਰੇਕ ਨੂੰ ਇੱਕ ਇੱਕ ਕਰਕੇ ਵੰਡ ਦਿੰਦਾ ਹੈ।

- ਪਵਿੱਤਰ ਆਤਮਾ ਦਾ ਮਸਹ ਇਨ੍ਹਾਂ ਦਾਤਾਂ ਨੂੰ ਸਾਡੇ ਜੀਵਨ ਵਿੱਚ ਕਿਰਿਆਸ਼ੀਲ ਬਣਾਉਂਦਾ ਹੈ।

ਇਸ ਦੇ ਲਈ ਤੁਹਾਡੀ ਕਾਬਲੀਅਤ ਦੀ ਨਹੀਂ . . . ਇੱਕ ਸਮਰਪਿਤ ਜੀਵਨ ਦੀ ਲੋੜ ਹੈ:

2 ਕੁਰਿੰਥੀਆਂ 12:9 ਉਸ ਨੇ ਮੈਨੂੰ ਆਖਿਆ ਭਈ ਮੇਰੀ **ਕਿਰਪਾ** ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ **ਸਮਰੱਥਾ** ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ **ਸਮਰੱਥਾ** ਮੇਰੇ **ਉੱਤੇ** ਸਾਯਾ ਕਰੇ।

- ਜਦ ਅਸੀਂ ਨਿਰਬਲ ਜਾਂ ਅਯੋਗ ਹੁੰਦੇ ਹਾਂ ਤਾਂ ਅਸੀਂ ਇਸ ਨੂੰ ਜਾਣਦੇ ਹਾਂ ਅਤੇ ਸਿਆਣਦੇ ਹਾਂ ਅਤੇ ਪ੍ਰਭੂ ਦੀ ਆਗਿਆਕਾਰੀ ਕਰਨ ਲਈ ਵਿਸ਼ਵਾਸ ਦੀ ਲੋੜ ਪੈਂਦੀ ਹੈ, ਉਸ ਦੀ ਕਿਰਪਾ ਅਤੇ ਸ਼ਕਤੀ ਸਾਡੇ **ਉੱਤੇ** ਆ ਜਾਂਦੀ ਹੈ ਅਤੇ ਉਹ ਪੂਰਾ ਕਰਦੀ ਹੈ ਜੋ ਅਸੀਂ ਨਹੀਂ ਕਰ ਸਕਦੇ ਸੀ।

- ਇਸ ਆਇਤ ਤੋਂ ਮੈਨੂੰ ਇਹ ਲੱਗਦਾ ਹੈ ਕਿ ਪਵਿੱਤਰ ਆਤਮਾ ਦਾ ਨਾਮ . . . ਕਿਰਪਾ ਹੈ।

## ❖ ਪਵਿੱਤਰ ਆਤਮਾ ਪ੍ਰਾਪਤ ਕਰਨਾ

**ਰਸੂਲਾਂ 2:37-39** ਪਤਰਸ ਦਾ ਪ੍ਰਚਾਰ ਸੁਣ ਕੇ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ **ਅਸੀਂ ਕੀ ਕਰੀਏ?** ਪਤਰਸ ਦਾ ਜਵਾਬ ਅੱਜ ਸਾਡੇ ਲਈ ਵੀ ਉਹੋ ਹੈ:

1. **ਤੋਬਾ ਕਰੋ** – ਅਵਿਸ਼ਵਾਸ ਤੋਂ ਮੁੜ ਕੇ ਵਿਸ਼ਵਾਸ ਕਰਨ ਲੱਗ ਜਾਵੋ

    ਜਦ ਪਾਪ ਨੇੜੇ ਆਵੇ ਤਾਂ ਪਰਮੇਸ਼ਰ ਵੱਲ ਮੁੜੋ – ਅਤੇ ਪਾਪ ਵੱਲ ਆਪਣੀ ਪਿੱਠ ਫੇਰ ਕੇ ਪ੍ਰਭੂ ਯਿਸੂ ਦੇ ਨਾਲ ਇਸ ਤੋਂ ਪਰੇ ਚਲੇ ਜਾਓ।

2. **ਬਪਤਿਸਮਾ ਲਵੋ** – ਜੇਕਰ ਤੁਸੀਂ ਬਪਤਿਸਮਾ ਲੈ ਚੁੱਕੇ ਹੋ ਤਾਂ ਆਪਣੇ ਆਪ ਨੂੰ ਯਿਸੂ ਲਈ ਅਤੇ ਉਸ ਵੱਲੋਂ ਤੁਹਾਡੇ ਲਈ ਤਿਆਰ ਕੀਤੀ ਗਈ ਸੇਵਾ ਲਈ ਮੁੜ ਸਮਰਪਿਤ ਹੋ ਜਾਓ। "ਆਪਣੀਆਂ ਦੇਹੀਆਂ ਨੂੰ ਜੀਉਂਦਾ ਬਲੀਦਾਨ ਕਰਕੇ ਚੜ੍ਹਾਵੋ" (ਰੋਮੀਆਂ 12:1-2)।
    ਰੋਜਾਨਾ ਸਵੇਰੇ:

    - ਪ੍ਰਭੂ ਅੱਗੇ ਦ੍ਰਿੜ ਸਮਰਪਣ ਕਰੋ ਕਿ ਤੁਸੀਂ ਵਫਾਦਾਰੀ ਨਾਲ ਉਸ ਦੀ ਸੇਵਾ ਅਤੇ ਆਗਿਆਕਾਰੀ ਕਰੋਗੇ।

- ਪ੍ਰਭੂ ਯਿਸੂ ਨੂੰ ਕਹੋ ਕਿ ਉਹ ਤੁਹਾਨੂੰ ਪਵਿੱਤਰ ਆਤਮਾ ਵਿੱਚ ਮਸਹ ਕਰੇ / ਉਸ ਨਾਲ ਭਰੇ / ਬਪਤਿਸਮਾ ਦੇਵੇ।
- ਪ੍ਰਭੂ ਦੇ ਵਚਨ / ਉਸ ਦੀ ਪ੍ਰਤਿੱਗਿਆ ਉੱਤੇ ਪਰਤੀਤ ਕਰਦਿਆਂ ਵਿਸ਼ਵਾਸ ਨਾਲ ਮੰਗੋ:

  ਤੁਸੀਂ...ਆਪਣਿਆਂ ਬਾਲਕਾਂ ਨੂੰ **ਚੰਗੀਆਂ ਦਾਤਾਂ** ਦੇਣੀਆਂ ਜਾਣਦੇ ਹੋ **ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ!** ਲੂਕਾ 11:11-13

3. ਤਾਂ ਪਵਿੱਤਰ ਆਤਮਾ ਦਾ **ਦਾਨ ਪਾਓਗੇ**। (39) ਕਿਉਂਕਿ **ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ਰ ਆਪਣੇ ਕੋਲ ਬੁਲਾਵੇ**।

ਜੇਕਰ ਬੀਤੇ ਸਮੇਂ ਵਿੱਚ ਤੁਸੀਂ ਕਦੇ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕੀਤਾ ਸੀ ਅਤੇ ਉਹ ਤੁਹਾਡੇ ਉੱਤੇ ਉੱਤਰਿਆ ਸੀ ... ਤਾਂ

**ਅਫ਼ਸੀਆਂ 5:18-21** ਤੁਹਾਡੇ ਲਈ ਹੈ:

ਮੈ ਨਾਲ ਮਸਤ ਨਾ ਹੋਵੋ ਜਿਹ ਦੇ ਵਿੱਚ ਲੁੱਚਪੁਣਾ ਹੁੰਦਾ ਹੈ [ਕਹਿਣ ਦਾ ਭਾਵ ਹੈ ਕਿ ਆਪਣਾ ਨਿਯੰਤ੍ਰਣ ਕਿਸੇ ਹੋਰ ਆਤਮਾ ਦੇ ਹੱਥ ਵਿੱਚ ਨਾ ਦੇਵੋ] ਸਗੋਂ **ਆਤਮਾ ਨਾਲ ਭਰਪੂਰ ਹੋ ਜਾਓ** (ਵਰਤਮਾਨ, ਕਰਮਵਾਚ, ਆਗਿਆ ਸੂਚਕ, ਜਿਸ ਦਾ ਅਰਥ ਹੈ – **ਲਗਾਤਾਰ ਭਰਦੇ ਜਾਓ**)।

- ਇੱਕ ਵਾਰ ਤਾਂ ਅਸੀਂ ਸ਼ੁਰੂ ਵਿੱਚ ਪਵਿੱਤਰ ਆਤਮਾ ਦੀ ਭਰਪੂਰੀ ਅਤੇ ਬਪਤਿਸਮਾ ਪ੍ਰਾਪਤ ਕਰਦੇ ਹਾਂ, ਪਰ ਫਿਰ ਸਾਨੂੰ ਰੋਜਾਨਾ ਵੀ ਲਗਾਤਾਰ ਇਸ ਨਾਲ ਭਰਦੇ ਰਹਿਣਾ ਜਰੂਰੀ ਹੈ।

- ਰੋਜਾਨਾ ਸਵੇਰੇ ਸਭ ਤੋਂ ਪਹਿਲਾਂ ਪ੍ਰਭੂ ਨਾਲ ਮੁਲਾਕਤ ਕਰੋ ਅਤੇ ਆਪਣੇ ਦਿਨ ਨੂੰ ਅਤੇ ਆਪਣੇ ਆਪ ਨੂੰ ਪ੍ਰਭੂ ਲਈ ਅਤੇ ਉਸ ਦੀ ਸੇਵਾ ਲਈ ਸਮਰਪਿਤ ਕਰਨ ਨੂੰ ਆਪਣੀ ਪ੍ਰਾਰਥਨਾ ਦਾ ਹਿੱਸਾ ਬਣਾਓ।

- ਪ੍ਰਭੂ ਯਿਸੂ ਨੂੰ ਕਹੋ ਕਿ ਉਹ ਤੁਹਾਨੂੰ ਪਵਿੱਤਰ ਆਤਮਾ ਵਿੱਚ ਨਵੇਂ ਸਿਰਿਓਂ ਬਪਤਿਸਮਾ ਦੇਵੇ। ਫਿਰ ਆਤਮਾ ਵਿੱਚ ਪ੍ਰਾਰਥਨਾ ਕਰਦਿਆਂ ਕੁਝ ਸਮਾਂ ਬਿਤਾਓ।

- ਸਾਰਾ ਦਿਨ ਮਨ ਹੀ ਮਨ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹਿਣ ਦੀ ਆਦਤ ਬਣਾਓ ਅਤੇ ਜਦ ਇਕੱਲੇ ਹੋਵੋ ਤਦ ਉੱਚੀ ਅਵਾਜ਼ ਵਿੱਚ ਪ੍ਰਾਰਥਨਾ ਕਰੋ।

(19) ਅਤੇ ਜ਼ਬੂਰ ਅਤੇ ਭਜਨ ਅਤੇ ਆਤਮਕ ਗੀਤ ਗਾ ਕੇ ਇੱਕ ਦੂਏ ਨਾਲ ਗੱਲਾਂ ਕਰੋ ਅਤੇ ਮਨ ਲਾ ਕੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਿਹਾ ਕਰੋ (20) ਅਤੇ ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ। (21) ਅਤੇ ਮਸੀਹ ਦੇ ਭੌ ਵਿੱਚ ਇੱਕ ਦੂਏ ਦੇ ਅਧੀਨ ਰਹੋ।

ਹਾਂ ਪ੍ਰਭੂ! ਤੇਰੀ ਮਹਿਮਾ ਲਈ।

ਆਮੀਨ!